People's Herald

Rs- 100/month

People's Herald





# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA On line paper 10 ਸਤੰਬਰ 2025 ਬੁੱਧਵਾਰ "ਰੋਜ਼ਾਨਾ" ਪੰਜਵਾਂ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ, ਰਿੰਗ ਬੰਨ੍ਹ ਬਣਾਉਣ ਦੇ ਕੰਮ ਦੀ ਹੋਈ ਸ਼ੁਰੂਆਤ

**ਪਿੰਡਾਂ ਦੇ ਲੋਕ ਭਾਰਤੀ ਫੌਜ ਦੀ ਟੀਮ, ਪੰਜਾਬ ਪੁਲਿਸ ਦੇ ਜਵਾਨਾਂ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਦੀ ਅਗਵਾਈ 'ਚ ਸਥਿਤੀ ਕਾਬੂ ਕਰਨ ਲਈ ਲਗਾਤਾਰ ਯਤਨਸ਼ੀਲ ,, 100 ਫੁੱਟ ਦੇ ਕਰੀਬ ਪਏ ਪਾੜ ਨਾਲ ਫਸਲਾਂ ਜਾਂ ਖੇਤੀ ਜਮੀਨਾਂ ਤੱਕ ਨਹੀਂ ਪੁੱਜਾ ਪਾਣੀ, ਨੁਕਸਾਨ ਤੋਂ ਰਿਹਾ ਬਚਾਅ : ਅੰਕੁਰਜੀਤ ਸਿੰਘ ,,**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 94636 01616
hardipchumber57@gmail.com

ਬੀਤੀ ਦੇਰ ਰਾਤ ਨੇੜਲੇ ਪਿੰਡ ਬੁਰਜ ਟਹਿਲ ਦਾਸ ਵਿਖੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਨੂੰ ਲੱਗੀ ਢਾਅ ਉਪਰੰਤ ਪਏ ਪਾੜ ਨੂੰ ਪੂਰਨ ਅਤੇ ਬੰਨ੍ਹ ਨੂੰ ਮਜਬੂਤ ਕਰਨ ਦਾ ਕੰਮ ਪ੍ਰਸ਼ਾਸ਼ਨਿਕ ਅਧਿਕਾਰੀਆਂ, ਭਾਰਤ ਫੌਜ ਦੀ ਟੀਮ ਦੀ ਨਿਗਰਾਨੀ ਹੇਠ ਪਿੰਡਾਂ ਦੇ ਵਸਨੀਕਾਂ ਵੱਲੋਂ ਜੰਗੀ ਪੱਧਰ 'ਤੇ ਜਾਰੀ ਹੈ।

ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਜੋ ਜਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਸਮੇਤ ਸਵੇਰ ਤੋਂ ਹੀ ਬੰਨ੍ਹ 'ਤੇ ਮੋਜੂਦ ਰਹੇ, ਨੇ ਦੱਸਿਆ ਕਿ ਬੰਨ੍ਹ ਵਿੱਚ ਪਏ 100 ਫੁੱਟ ਦੇ ਕਰੀਬ ਪਾੜ ਕਰਕੇ ਨਾਲ ਲੱਗਦੀਆਂ ਖੇਤੀ ਜਮੀਨਾਂ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਕਿਉਂਕਿ ਦਰਿਆ ਵਿੱਚ ਪਿੱਛੋਂ



ਪਾਣੀ ਦਾ ਵਹਾਅ ਘੱਟ ਸੀ ਅਤੇ ਪਾੜ ਵਾਲੀ ਜਗ੍ਹਾ 'ਤੇ ਜਮੀਨਾਂ ਥੋੜੀਆਂ ਉੱਚੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਭਾਰਤੀ ਫੌਜ ਦੀ ਟੀਮ ਵੀ ਲਗਾਤਾਰ ਬੰਨ੍ਹ ਦੀ ਮਜਬੂਤੀ ਵਿੱਚ ਜੁਟੀ ਹੋਈ ਹੈ ਅਤੇ ਮੌਜੂਦਾ ਸਥਿਤੀ 'ਤੇ ਕੰਟਰੋਲ ਕਰਨ ਲਈ ਲਗਾਤਾਰ ਉਪਰਾਲੇ ਜਾਰੀ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੰਨ੍ਹ ਦੀ ਹੋਰ ਮਜਬੂਤੀ ਲਈ ਮਸ਼ੀਨਾਂ ਨਾਲ ਰਿੰਗ ਬੰਨ੍ਹ ਬਣਾਉਣ ਦਾ ਕੰਮ ਵੀ ਸ਼ੁਰੂ ਕੀਤਾ ਜਾ ਚੁੱਕਾ ਹੈ ਤਾਂ ਜੋ ਪਾਣੀ ਦੇ ਪੱਧਰ ਵਿੱਚ ਵਾਧੇ ਅਤੇ ਤੇਜ ਵਹਾਅ ਨਾਲ ਕੋਈ ਨੁਕਸਾਨ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਬੰਨ੍ਹ ਦੇ ਸਪਰ ਵੀ ਮਜਬੂਤ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਵਸਨੀਕਾਂ ਦੇ ਨਾਲ-ਨਾਲ ਪੰਜਾਬ ਪੁਲਿਸ ਦੇ 400 ਦੇ ਕਰੀਬ ਜਵਾਨ ਵੀ ਬੰਨ੍ਹ ਦੀ ਮਜਬੂਤੀ ਦੇ ਕੰਮ ਵਿੱਚ ਲਗਾਤਾਰ ਮਦਦ ਕਰ ਰਹੇ ਹਨ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬੰਨ੍ਹ ਵਿਖੇ ਲਗਾਤਾਰ ਕੰਮ ਜਾਰੀ ਹੈ ਅਤੇ ਜਲਦ ਹੀ ਸਥਿਤੀ 'ਤੇ ਕਾਬੂ ਪਾ ਲਿਆ ਜਾਵੇਗਾ ਜਿਸ ਕਰਕੇ ਕਿਸੇ ਵੀ ਗੱਲ ਤੋਂ ਘਬਰਾਉਣ ਦੀ ਜਰੂਰਤ ਨਹੀਂ ਹੈ। ਉਨ੍ਹਾਂ ਨੇ ਲੋਕਾਂ ਨੂੰ ਅਫਵਾਹਾਂ ਤੋਂ ਵੀ ਸੁਚੇਤ ਰਹਿਣ ਦੀ ਅਪੀਲ ਕੀਤੀ ।

ਬੰਨ੍ਹ ਨੂੰ ਮਜਬੂਤ ਕਰਨ ਵਿੱਚ ਲਗਾਤਾਰ ਕਾਰਜਸ਼ੀਲ ਪਿੰਡਾਂ ਦੇ ਵਸਨੀਕਾਂ ਦਾ ਧੰਨਵਾਦ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਜਿਲ੍ਹਾ ਪ੍ਰਸ਼ਾਸ਼ਨ ਜਲਦ ਹੀ ਧੁੱਸੀ ਬੰਨ੍ਹ 'ਚ ਪਏ ਪਾੜ ਨੂੰ ਪੂਰਨ ਵਿੱਚ ਸਫਲ ਹੋਵੇਗਾ। ਇਸ ਮੌਕੇ ਐਸ.ਐਸ.ਪੀ. ਡਾ. ਮਹਿਤਾਬ ਸਿੰਘ, ਜਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ, ਆਮ ਆਦਮੀ ਪਾਰਟੀ ਦੇ ਆਗੂ ਲਲਿਤ ਮੋਹਨ ਪਾਠਕ, ਐਸ.ਡੀ.ਐਮ. ਅਨਮਜਯੋਤ ਕੌਰ, ਤਹਿਸੀਲਦਾਰ ਮਨਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਪਿੰਡਾਂ ਦੇ ਲੋਕ ਭਾਰੀ ਗਿਣਤੀ ਵਿੱਚ ਮੌਜੂਦ ਸਨ ।

## ਬੈਂਕ ਵਿੱਚ ਨੌਜਵਾਨ ਨੇ ਕਥਿਤ ਤੌਰ 'ਤੇ ਖੁਦ ਨੂੰ ਗੋਲੀ ਮਾਰੀ, ਜਾਣੋ ਕੀ ਹੈ ਮਾਮਲਾ ?

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 94636 01616
hardipchumber57@gmail.com

ਮੋਹਾਲੀ, 9 ਸਤੰਬਰ 2025: ਸੈਕਟਰ 68 ਵਿੱਚ ਸਥਿਤ HDFC ਬੈਂਕ ਦੀ ਲੋਨ ਬ੍ਰਾਂਚ ਵਿੱਚ ਮੰਗਲਵਾਰ ਦੁਪਹਿਰ ਨੂੰ ਮੋਗਾ ਦੇ ਰਹਿਣ ਵਾਲੇ ਰਾਜਵੀਰ ਸਿੰਘ ਨਾਮ ਦੇ ਇੱਕ ਨੌਜਵਾਨ ਨੇ ਕਥਿਤ ਤੌਰ 'ਤੇ ਖੁਦ ਨੂੰ ਗੋਲੀ ਮਾਰ ਲਈ। ਇਸ ਘਟਨਾ ਤੋਂ ਬਾਅਦ ਪੁਲਿਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਅਨੁਸਾਰ, ਸੂਚਨਾ ਮਿਲਦਿਆਂ ਹੀ ਪੁਲਿਸ ਟੀਮਾਂ ਅਤੇ ਫੋਰੈਂਸਿਕ ਮਾਹਿਰ ਮੌਕੇ 'ਤੇ ਪਹੁੰਚ ਗਏ ਅਤੇ ਸਬੂਤ ਇਕੱਠੇ ਕਰਨ ਲਈ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਕਦਮ ਕਿਉਂ ਚੁੱਕਿਆ ਗਿਆ, ਇਸ ਦਾ ਅਸਲੀ ਕਾਰਨ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਸਾਹਮਣੇ ਆਵੇਗਾ। ਜਾਂਚ ਵਿੱਚ ਸੀਸੀਟੀਵੀ ਫੁਟੇਜ ਦੀ ਜਾਂਚ ਅਤੇ ਚਸ਼ਮਦੀਦਾਂ ਦੇ ਬਿਆਨ ਸ਼ਾਮਲ ਹਨ।

ਇਸ ਘਟਨਾ ਤੋਂ ਬਾਅਦ ਬੈਂਕ ਦੀ ਲੋਨ ਬ੍ਰਾਂਚ ਅਤੇ ਨੇੜੇ ਦੀ ਇੱਕ ਹੋਰ ਬ੍ਰਾਂਚ ਨੂੰ ਬੰਦ ਕਰ ਦਿੱਤਾ ਗਿਆ। ਇਸ ਕਾਰਨ ਬੈਂਕ ਦੇ ਸੰਚਾਲਨ 'ਤੇ ਸਵਾਲ ਉੱਠ ਰਹੇ ਹਨ। ਫਿਲਹਾਲ ਬੈਂਕ ਅਧਿਕਾਰੀਆਂ ਨੇ ਇਸ ਮਾਮਲੇ 'ਤੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ।

ਪੁਲਿਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਕੀ ਮ੍ਰਿਤਕ ਨੂੰ ਬੈਂਕ ਕਰਮਚਾਰੀਆਂ ਵੱਲੋਂ ਕਿਸੇ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਜਾਂ ਉਸ ਦੇ ਖੁਦਕੁਸ਼ੀ ਕਰਨ ਦਾ ਕੋਈ ਹੋਰ ਨਿੱਜੀ ਕਾਰਨ ਸੀ। ਜਾਂਚ ਪੂਰੀ ਹੋਣ 'ਤੇ ਹੀ ਇਸ ਮਾਮਲੇ ਦਾ ਸੱਚ ਸਾਹਮਣੇ ਆਵੇਗਾ।

## ਪੀਐਮ ਮੋਦੀ ਵੱਲੋਂ ਵੱਡਾ ਐਲਾਨ, ਪੰਜਾਬ ਨੂੰ ਦਿੱਤਾ 1600 ਕਰੋੜ ਦਾ ਰਾਹਤ ਪੈਕੇਜ

**ਹਿਮਾਚਲ ਪ੍ਰਦੇਸ਼ ਦੇ ਮੀਂਹ ਦੇ ਝੰਬੇ ਇਲਾਕਿਆਂ ਲਈ 1500 ਕਰੋੜ ਰੁਪਏ ਦੀ ਵਿੱਤੀ ਸਹਾਇਤਾ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 94636 01616
hardipchumber57@gmail.com

ਪ੍ਰਧਾਨ ਮੰਤਰੀ ਮੋਦੀ ਨੇ ਅੱਜ ਪੰਜਾਬ ਦੇ ਹੜ੍ਹ ਪ੍ਰਭਾਵਿਤ ਜਿਲਿਆਂ ਦਾ ਹਵਾਈ ਸਰਵੇਖਣ ਕੀਤਾ। ਪੀਐਮ ਮੋਦੀ ਨੇ ਪੰਜਾਬ ਲਈ ਰਾਹਤ ਪੈਕੇਜ ਜਾਰੀ ਕਰ ਦਿੱਤਾ ਹੈ। ਉਨ੍ਹਾਂ ਨੇ ਪੰਜਾਬ ਦੇ ਹੜ੍ਹ ਪੀੜਤਾਂ ਲਈ 1600 ਕਰੋੜ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਖਾਤੇ ਵਿੱਚ ਪਹਿਲਾਂ ਹੀ ਐਸਡੀਆਰਐਫ ਫੰਡ 12 ਹਜ਼ਾਰ ਕਰੋੜ ਮੌਜੂਦ ਹੈ। ਇਸ ਤੋਂ ਇਲਾਵਾ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਦੀ ਵਿੱਤੀ ਮਦਦ ਅਤੇ ਜ਼ਖ਼ਮੀਆਂ ਦੇ ਪਰਿਵਾਰਾਂ ਨੂੰ 50-50 ਹਜ਼ਾਰ ਰੁਪਏ ਮਿਲਣਗੇ ।

ਹਿਮਾਚਲ ਪ੍ਰਦੇਸ਼ ਦੇ ਦੌਰੇ 'ਤੇ ਆਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਾੜੀ ਰਾਜ ਦੇ ਹੜ੍ਹ ਅਤੇ ਮੀਂਹ ਦੇ ਝੰਬੇ ਇਲਾਕਿਆਂ ਲਈ 1500 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਮ੍ਰਿਤਕਾਂ ਦੇ ਨੇੜਲੇ ਰਿਸ਼ਤੇਦਾਰਾਂ ਲਈ 2 ਲੱਖ ਰੁਪਏ ਅਤੇ ਜ਼ਖਮੀਆਂ ਲਈ 50,000 ਰੁਪਏ ਦਾ ਮੁਆਵਜ਼ਾ ਵੀ ਐਲਾਨਿਆ ਹੈ। ਸ੍ਰੀ ਮੋਦੀ ਨੇ SDRF ਅਤੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ ਦੂਜੀ ਕਿਸ਼ਤ ਅਗਾਊਂ ਰਿਲੀਜ਼ ਕਰਨ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਅਧੀਨ ਪ੍ਰਵਾਨਗੀ, ਰਾਸ਼ਟਰੀ ਰਾਜਮਾਰਗਾਂ ਦੀ ਬਹਾਲੀ,



PMNRF ਅਧੀਨ ਰਾਹਤ ਦੀ ਵਿਵਸਥਾ ਦੇ ਨਾਲ-ਨਾਲ ਪਸ਼ੂਆਂ ਲਈ ਮਿੰਨੀ ਕਿੱਟਾਂ ਜਾਰੀ ਕਰਨ ਦਾ ਵੀ ਐਲਾਨ ਕੀਤਾ। ਪ੍ਰਧਾਨ ਮੰਤਰੀ ਨੇ ਇਸ ਆਫ਼ਤ ਤੋਂ ਪ੍ਰਭਾਵਿਤ ਪਰਿਵਾਰਾਂ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਨੇ ਜਾਨ ਗੁਆਉਣ ਵਾਲਿਆਂ ਦੇ ਪਰਿਵਾਰਕ ਮੈਂਬਰਾਂ ਪ੍ਰਤੀ ਆਪਣੀ ਸੰਵੇਦਨਾ ਅਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਮੁਸ਼ਕਲ ਸਮੇਂ ਵਿੱਚ ਰਾਜ ਸਰਕਾਰ ਨਾਲ ਮਿਲ ਕੇ ਕੰਮ ਕਰੇਗੀ ਅਤੇ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।

ਪ੍ਰਧਾਨ ਮੰਤਰੀ ਨੇ ਐਨਡੀਆਰਐਫ, ਐਸਡੀਆਰਐਫ ਅਤੇ ਆਪਦਾ ਮਿੱਤਰਾ ਦੇ ਵਲੰਟੀਅਰਾਂ ਨਾਲ ਵੀ ਮੁਲਾਕਾਤ ਕੀਤੀ ਅਤੇ ਰਾਹਤ ਅਤੇ ਬਹਾਲੀ ਦੇ ਕਾਰਜਾਂ ਵਿੱਚ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਪ੍ਰਭਾਵਿਤ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੀ ਬਹਾਲੀ ਅਤੇ ਪੁਨਰ ਨਿਰਮਾਣ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਹਿਮਾਚਲ ਪ੍ਰਦੇਸ਼ ਵਿੱਚ ਹੜ੍ਹ ਪ੍ਰਭਾਵਿਤ ਤੇ ਜ਼ਮੀਨ ਖਿਸਕਣ ਵਾਲੇ ਇਲਾਕਿਆਂ ਦਾ ਜਾਇਜ਼ਾ ਲਿਆ। ਉਹ ਆਫ਼ਤ ਪ੍ਰਭਾਵਿਤ ਮੰਡੀ ਅਤੇ ਕੁੱਲੂ ਜ਼ਿਲ੍ਹਿਆਂ ਦਾ ਹਵਾਈ ਸਰਵੇਖਣ ਕਰਨ ਤੋਂ ਬਾਅਦ ਕਾਂਗੜਾ ਪਹੁੰਚੇ। ਕਾਂਗੜਾ ਦੇ ਗੱਗਲ ਹਵਾਈ ਅੱਡੇ 'ਤੇ ਪਹੁੰਚਣ ਮੌਕੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸੁੱਖੂ, ਰਾਜਪਾਲ ਸ਼ਿਵ ਪ੍ਰਤਾਪ ਸ਼ੁਕਲਾ ਤੇ ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਸਵਾਗਤ ਕੀਤਾ। ਸ੍ਰੀ ਮੋਦੀ ਹਿਮਾਚਲ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਮਗਰੋਂ ਕਾਂਗੜਾ ਤੋਂ ਪੰਜਾਬ ਦੇ ਪਠਾਨਕੋਟ ਤੇ ਅੱਗੇ ਗੁਰਦਾਸਪੁਰ ਜਾਣਗੇ।

ਮੋਦੀ ਦੁਪਹਿਰ ਕਰੀਬ 1.30 ਵਜੇ ਗੱਗਲ ਹਵਾਈ ਅੱਡੇ 'ਤੇ ਉਤਰੇ। ਸ੍ਰੀ ਮੋਦੀ ਮੁੱਖ ਮੰਤਰੀ ਸੁੱਖੂ ਅਤੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਮੀਟਿੰਗ ਕਰਨਗੇ, ਜਿਸ ਵਿਚ ਇਸ ਸਾਲ ਮੌਨਸੂਨ ਦੌਰਾਨ ਰਾਜ ਨੂੰ ਹੋਏ ਨੁਕਸਾਨ ਬਾਰੇ ਪੇਸ਼ਕਾਰੀ ਦਿੱਤੀ ਜਾਵੇਗੀ। ਪਹਾੜੀ ਰਾਜ ਨੂੰ 4500 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ, ਜਦੋਂ ਕਿ 370 ਵਿਅਕਤੀਆਂ ਦੀ ਮੌਤ ਹੋ ਗਈ ਹੈ ਅਤੇ 41 ਅਜੇ ਵੀ ਲਾਪਤਾ ਹਨ। ਸਭ ਤੋਂ ਵੱਧ ਨੁਕਸਾਨ ਲੋਕ ਨਿਰਮਾਣ ਵਿਭਾਗ ਨੂੰ ਹੋਇਆ ਹੈ ਕਿਉਂਕਿ ਸੜਕਾਂ ਅਤੇ ਪੁਲਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਿਆ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਹੜ੍ਹਾਂ ਅਤੇ ਜ਼ਮੀਨ ਖਿਸਕਣ ਤੋਂ ਪ੍ਰਭਾਵਿਤ ਕੁਝ ਲੋਕਾਂ ਨਾਲ ਗੱਲਬਾਤ ਵੀ ਕੀਤੀ। ਇਸ ਸਾਲ ਦੇ ਸ਼ੁਰੂ ਵਿੱਚ 20 ਜੂਨ ਨੂੰ ਮੌਨਸੂਨ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕੁੱਲ 136 ਜ਼ਮੀਨ ਖਿਸਕਣ, 95 ਅਚਾਨਕ ਹੜ੍ਹ ਅਤੇ 45 ਬੱਦਲ ਫਟਣ ਕਾਰਨ ਜਨਤਕ ਬੁਨਿਆਦੀ ਢਾਂਚੇ ਅਤੇ ਨਿੱਜੀ ਜਾਇਦਾਦ ਨੂੰ ਵੱਡੇ ਪੱਧਰ 'ਤੇ ਨੁਕਸਾਨ ਪਹੁੰਚਿਆ ਹੈ। ਅਜੇ ਵੀ 615 ਸੜਕਾਂ ਬੰਦ ਹਨ, ਜਿਨ੍ਹਾਂ ਵਿੱਚ ਚਾਰ ਕੌਮੀ ਸ਼ਾਹਰਾਹ ਸ਼ਾਮਲ ਹਨ ਜਦੋਂ ਕਿ 1748 ਬਿਜਲੀ ਟਰਾਂਸਫਾਰਮਰ ਅਤੇ 461 ਪਾਣੀ ਯੋਜਨਾਵਾਂ ਬੰਦ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜੋ ਅੱਜ ਹਿਮਾਚਲ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਲਈ ਕਾਂਗੜਾ ਪਹੁੰਚੇ, ਨੇ ਇੱਕ ਸਾਲ ਦੀ ਨਿਤਿਕਾ ਨਾਲ ਮੁਲਾਕਾਤ ਕੀਤੀ, ਜਿਸਨੇ 30 ਜੂਨ ਦੀ ਰਾਤ ਨੂੰ ਮੰਡੀ ਜ਼ਿਲ੍ਹੇ ਦੇ ਗੋਹਰ ਖੇਤਰ ਦੇ ਤਲਵਾੜਾ ਪਿੰਡ ਵਿੱਚ ਬੱਦਲ ਫਟਣ ਕਾਰਨ ਆਪਣੇ ਮਾਪਿਆਂ ਨੂੰ ਗੁਆ ਦਿੱਤਾ ਸੀ। 11 ਮਹੀਨਿਆਂ ਦੀ ਨਿਤਿਕਾ ਹਿਮਾਚਲ ਵਿੱਚ ਮੌਨਸੂਨ ਦੀ ਤਬਾਹੀ ਦੇ ਚਿਹਰੇ ਵਜੋਂ ਉਭਰੀ ਹੈ। ਪ੍ਰਧਾਨ ਮੰਤਰੀ ਮੋਦੀ 20 ਹੋਰ ਬੱਚਿਆਂ ਨੂੰ ਵੀ ਮਿਲੇ ਜਿਨ੍ਹਾਂ ਨੇ ਇਸ ਮੌਨਸੂਨ ਵਿੱਚ ਪਏ ਬੇਮਿਸਾਲ ਮੀਂਹ ਕਾਰਨ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ।

# ਕੈਬਨਿਟ ਮੀਟਿੰਗ ਵਿੱਚ ਬਿਕਰਮ ਮਜੀਠੀਆ ਵਿਰੁੱਧ ਮੁਕੱਦਮਾ ਚਲਾਉਣ ਦੀ ਮਨਜ਼ੂਰੀ: ਮੁੱਖ ਮੰਤਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 9463601616
hardipchumber57@gmail.com



ਚੰਡੀਗੜ੍ਹ: ਇੱਕ ਇਤਿਹਾਸਕ ਫੈਸਲੇ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਕੈਬਨਿਟ ਨੇ ਅੱਜ 'ਜਿਸਕਾ ਖੇਤ, ਉਸਕੀ ਰੇਤ' ਦੀ ਲੋਕ-ਪੱਖੀ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਦੇ ਤਹਿਤ, ਕਿਸਾਨਾਂ ਨੂੰ ਇੱਕ ਵਿਸ਼ੇਸ਼ ਮੌਕਾ ਪ੍ਰਦਾਨ ਕਰਕੇ, ਵਿਨਾਸ਼ਕਾਰੀ ਹੜ੍ਹਾਂ ਕਾਰਨ ਆਪਣੇ ਖੇਤਾਂ ਵਿੱਚ ਜਮ੍ਹਾਂ ਹੋਈ ਰੇਤ ਅਤੇ ਮਿੱਟੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਜੇਕਰ ਉਹ ਚਾਹੁਣ ਤਾਂ ਇਸਨੂੰ ਵੇਚਣ ਦੀ ਵੀ ਇਜਾਜ਼ਤ ਦਿੱਤੀ ਜਾਵੇਗੀ।

ਇਸ ਸਬੰਧੀ ਫੈਸਲਾ ਅੱਜ ਸਵੇਰੇ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੇ ਸਰਕਾਰੀ ਨਿਵਾਸ ਸਥਾਨ 'ਤੇ ਹੋਈ ਕੈਬਨਿਟ ਮੀਟਿੰਗ ਦੌਰਾਨ ਲਿਆ ਗਿਆ। ਮੁੱਖ ਮੰਤਰੀ ਨੇ ਇਸ ਮੀਟਿੰਗ ਵਿੱਚ ਫੋਰਟਿਸ ਹਸਪਤਾਲ, ਮੋਹਾਲੀ ਤੋਂ ਵਰਚੁਅਲ ਤੌਰ 'ਤੇ ਹਿੱਸਾ ਲਿਆ, ਜਿੱਥੇ ਉਹ ਇਲਾਜ ਲਈ ਦਾਖਲ ਹਨ।

ਮੁੱਖ ਮੰਤਰੀ ਦਫ਼ਤਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਹੜ੍ਹਾਂ ਕਾਰਨ ਪਾਣੀ ਦੀ ਮਾਰ ਹੇਠ ਆਏ ਖੇਤਾਂ ਵਿੱਚ ਰੇਤ ਅਤੇ ਮਿੱਟੀ ਇਕੱਠੀ ਹੋ ਗਈ ਹੈ। ਇਨ੍ਹਾਂ ਖੇਤਾਂ ਦੇ ਕਿਸਾਨਾਂ ਨੂੰ ਵੱਡੀ ਰਾਹਤ ਦੇਣ ਲਈ, ਇਹ ਫੈਸਲਾ ਕੀਤਾ ਗਿਆ ਕਿ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਜਮ੍ਹਾਂ ਹੋਈ ਰੇਤ ਅਤੇ ਮਿੱਟੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਜੇਕਰ ਉਹ ਚਾਹੁਣ ਤਾਂ ਇਸਨੂੰ ਵੇਚ ਵੀ ਸਕਣਗੇ। 'ਜਿਸਕਾ ਖੇਤ, ਉਸਕੀ ਰੇਤ' ਨੀਤੀ ਦੇ ਤਹਿਤ, ਸਾਰੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਨੂੰ ਇਸ ਸਾਲ 31 ਦਸੰਬਰ ਤੱਕ ਬਿਨਾਂ ਕਿਸੇ ਪਰਮਿਟ ਦੇ ਆਪਣੀ ਜ਼ਮੀਨ ਤੋਂ ਰੇਤ ਕੱਢਣ ਦੀ ਇਜਾਜ਼ਤ ਹੋਵੇਗੀ।

ਇਸ ਨੂੰ ਖੇਤੀਯੋਗ ਜ਼ਮੀਨ ਤੋਂ ਮਿੱਟੀ/ਰੇਤ/ਨਦੀ ਜਮ੍ਹਾ ਸਮੱਗਰੀ ਨੂੰ ਹਟਾਉਣ ਲਈ ਇੱਕ ਵਾਰ ਦਾ ਮੌਕਾ ਮੰਨਿਆ ਜਾਵੇਗਾ ਪਰ ਇਸਨੂੰ ਮਾਈਨਿੰਗ ਸਮੱਗਰੀ ਨਹੀਂ ਮੰਨਿਆ ਜਾਵੇਗਾ। ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਜ਼ਿਲ੍ਹੇ ਦੇ ਪ੍ਰਭਾਵਿਤ ਪਿੰਡਾਂ ਦੀ ਸੂਚੀ ਦਾ ਐਲਾਨ ਕਰਨਗੇ ਜਿੱਥੇ ਹੜ੍ਹਾਂ ਕਾਰਨ ਜਮ੍ਹਾ ਹੋਈ ਰੇਤ ਜਾਂ ਗਾਦ ਤੋਂ ਪ੍ਰਭਾਵਿਤ ਕਿਸਾਨਾਂ/ਕਾਸ਼ਤਾਂ/ਕਿਸਾਨ ਸਮੂਹਾਂ ਦੁਆਰਾ ਮਿੱਟੀ/ਰੇਤ/ਨਦੀ ਜਮ੍ਹਾ ਸਮੱਗਰੀ ਨੂੰ ਹਟਾਉਣ ਅਤੇ ਢੋਆ-ਢੁਆਈ ਕੀਤੀ ਜਾ ਸਕਦੀ ਹੈ। ਹਾਲ ਹੀ ਵਿੱਚ ਆਏ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਲਈ, ਸਾਰੇ ਜ਼ਿਲ੍ਹਾ ਮਾਈਨਿੰਗ ਅਫ਼ਸਰਾਂ ਦੇ ਨਾਲ-ਨਾਲ ਜ਼ਿਲ੍ਹਾ ਅਤੇ ਉਪ-ਮੰਡਲ ਪੱਧਰੀ ਨਿਗਰਾਨੀ ਕਮੇਟੀਆਂ ਪ੍ਰਭਾਵਿਤ ਖੇਤਾਂ ਤੋਂ ਮਿੱਟੀ/ਰੇਤ/ਨਦੀ ਜਮ੍ਹਾ ਸਮੱਗਰੀ ਨੂੰ ਹਟਾਉਣ ਅਤੇ ਢੋਆ-ਢੁਆਈ ਵਿੱਚ ਸਹਿਯੋਗ ਕਰਨਗੀਆਂ ਬਿਨਾਂ ਜ਼ਮੀਨ ਦੀ ਅਸਲ ਸਤ੍ਹਾ ਨੂੰ ਵਿਗਾੜੇ।

ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ, ਮੰਤਰੀ ਮੰਡਲ ਨੇ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਰੁਪਏ ਦਾ ਮੁਆਵਜ਼ਾ ਦੇਵੇਗੀ। 20,000 ਰੁਪਏ ਪ੍ਰਤੀ ਏਕੜ, ਜੋ ਕਿ ਨਾ ਸਿਰਫ਼ ਪੰਜਾਬ ਸਗੋਂ ਪੂਰੇ ਦੇਸ਼ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਮੁਆਵਜ਼ਾ ਹੈ। ਗੰਭੀਰ ਸੰਕਟ ਵਿੱਚ ਫਸੇ ਕਿਸਾਨਾਂ ਨੂੰ ਬਾਹਰ ਕੱਢਣ ਲਈ, ਸੂਬਾ ਸਰਕਾਰ ਨੇ ਇਹ ਮਹੱਤਵਪੂਰਨ ਫੈਸਲਾ ਲਿਆ ਹੈ ਤਾਂ ਜੋ ਕਿਸਾਨਾਂ ਨੂੰ ਲੋੜੀਂਦੀ ਰਾਹਤ ਦਿੱਤੀ ਜਾ ਸਕੇ।

## ਪੰਜਾਬ ਟਾਊਨ ਇੰਪਰੂਵਮੈਂਟ ਐਕਟ, 1922 ਵਿੱਚ ਸੋਧ ਨੂੰ ਪ੍ਰਵਾਨਗੀ

ਮੰਤਰੀ ਮੰਡਲ ਨੇ ਪੰਜਾਬ ਟਾਊਨ ਇੰਪਰੂਵਮੈਂਟ ਐਕਟ, 1922 ਵਿੱਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ ਤਾਂ ਜੋ ਰਾਜ ਦੀਆਂ ਸ਼ਹਿਰੀ ਸਥਾਨਕ ਇਕਾਈਆਂ ਨਗਰ ਵਿਕਾਸ ਫੰਡ ਰਾਹੀਂ ਸੁਧਾਰ ਟਰੱਸਟਾਂ ਦੇ ਫੰਡਾਂ ਦੀ ਵਰਤੋਂ ਕਰ ਸਕਣ। ਨਗਰ ਵਿਕਾਸ ਫੰਡ ਰਾਜ ਸਰਕਾਰ ਦੁਆਰਾ ਸ਼ਹਿਰੀ ਬੁਨਿਆਦੀ ਢਾਂਚੇ ਦੇ ਕੰਮਾਂ ਲਈ ਸਥਾਪਿਤ ਕੀਤਾ ਗਿਆ ਸੀ, ਜਿਸ ਲਈ ਹਰ ਸਾਲ ਸੂਬਾਈ ਬਜਟ ਤੋਂ ਫੰਡ ਪ੍ਰਾਪਤ ਕੀਤੇ ਜਾਂਦੇ ਹਨ। ਐਕਟ ਵਿੱਚ ਧਾਰਾ 69B ਸ਼ਾਮਲ ਕੀਤੀ ਗਈ ਹੈ ਤਾਂ ਜੋ ਸੁਧਾਰ ਟਰੱਸਟਾਂ ਨੂੰ ਸ਼ਹਿਰੀ ਸਥਾਨਕ ਇਕਾਈਆਂ ਦੁਆਰਾ ਆਪਣੀਆਂ ਜਾਇਦਾਦਾਂ ਦੇ ਨਿਪਟਾਰੇ ਤੋਂ ਪ੍ਰਾਪਤ ਫੰਡਾਂ ਦੀ ਵਰਤੋਂ ਸ਼ਹਿਰੀ ਬੁਨਿਆਦੀ ਢਾਂਚੇ ਦੇ ਕੰਮਾਂ ਲਈ ਕਰਨ ਦੇ ਯੋਗ ਬਣਾਇਆ ਜਾ ਸਕੇ, ਜਿਸ ਦੇ ਤਹਿਤ ਟਰੱਸਟ ਦੁਆਰਾ ਜ਼ਮੀਨ, ਇਮਾਰਤਾਂ ਜਾਂ ਹੋਰ ਚੱਲ ਅਤੇ ਅਚੱਲ ਜਾਇਦਾਦਾਂ ਦੇ ਨਿਪਟਾਰੇ ਤੋਂ ਪ੍ਰਾਪਤ ਫੰਡਾਂ ਦਾ ਇੱਕ ਹਿੱਸਾ, ਜਿਵੇਂ ਕਿ ਨਿਰਧਾਰਤ ਕੀਤਾ ਜਾ ਸਕਦਾ ਹੈ, ਨਗਰ ਵਿਕਾਸ ਫੰਡ ਵਿੱਚ ਤਬਦੀਲ ਕੀਤਾ ਜਾਵੇਗਾ।

## ਬਿਕਰਮ ਮਜੀਠੀਆ ਵਿਰੁੱਧ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ

ਕੈਬਨਿਟ ਨੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਐਕਟ, 1988 ਦੀ ਧਾਰਾ 19 ਤਹਿਤ ਮੁਕੱਦਮਾ ਚਲਾਉਣ ਦੀ ਸਹਿਮਤੀ ਦੇ ਦਿੱਤੀ। ਸਾਬਕਾ ਕੈਬਨਿਟ ਮੰਤਰੀ ਵਿਰੁੱਧ ਮੁਕੱਦਮਾ ਚਲਾਉਣ ਦੀ ਪ੍ਰਵਾਨਗੀ ਦੇ ਮਾਮਲੇ 'ਤੇ ਪਹਿਲਾਂ ਪੰਜਾਬ ਦੇ ਐਡਵੋਕੇਟ ਜਨਰਲ (ਏ.ਜੀ.) ਦੀ ਸਲਾਹ ਤੋਂ ਬਾਅਦ ਕੈਬਨਿਟ ਵੱਲੋਂ ਵਿਚਾਰ ਕੀਤਾ ਜਾਣਾ ਜ਼ਰੂਰੀ ਸੀ ਅਤੇ ਉਸ ਤੋਂ ਬਾਅਦ ਇਹ ਮਾਮਲਾ ਹੁਣ ਅਗਲੇ ਹੁਕਮਾਂ ਲਈ ਰਾਜਪਾਲ ਨੂੰ ਭੇਜਿਆ ਜਾਵੇਗਾ।

## ਖਰੀਫ ਖਰੀਦ ਸੀਜ਼ਨ 2025 ਲਈ ਕਸਟਮ ਮਿਲਿੰਗ ਨੀਤੀ ਨੂੰ ਪ੍ਰਵਾਨਗੀ

ਕੈਬਨਿਟ ਨੇ 16 ਸਤੰਬਰ ਤੋਂ 30 ਨਵੰਬਰ, 2025 ਤੱਕ ਚੱਲਣ ਵਾਲੀ ਝੋਨੇ ਦੀ ਖਰੀਦ ਲਈ ਖਰੀਫ ਖਰੀਦ ਸੀਜ਼ਨ 2025-26 ਲਈ ਕਸਟਮ ਮਿਲਿੰਗ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ। 'ਖਰੀਫ 2025-26 ਲਈ ਪੰਜਾਬ ਕਸਟਮ ਮਿਲਿੰਗ ਨੀਤੀ' ਦੇ ਪ੍ਰਸਤਾਵਾਂ ਅਨੁਸਾਰ, ਚੌਲ ਮਿੱਲਾਂ ਨੂੰ ਸਮੇਂ ਸਿਰ ਵਿਭਾਗ ਵੱਲੋਂ ਮੰਡੀਆਂ ਨਾਲ ਔਨਲਾਈਨ ਜੋੜਿਆ ਜਾਵੇਗਾ। ਚੌਲ ਮਿੱਲਾਂ ਲਈ ਆਰ.ਓ. ਸਕੀਮ ਤਹਿਤ ਝੋਨੇ ਦੀ ਵੰਡ ਇੱਕ ਔਨਲਾਈਨ ਪੋਰਟਲ ਰਾਹੀਂ ਆਟੋਮੈਟਿਕ ਹੋਵੇਗੀ। ਇਸ ਨੀਤੀ ਦੇ ਪ੍ਰਸਤਾਵਾਂ ਅਤੇ ਸੂਬਾਈ ਏਜੰਸੀਆਂ ਅਤੇ ਚੌਲ ਮਿੱਲ ਮਾਲਕਾਂ ਵਿਚਕਾਰ ਹੋਏ ਸਮਝੌਤੇ ਅਨੁਸਾਰ ਯੋਗ ਚੌਲ ਮਿੱਲਾਂ ਵਿੱਚ ਝੋਨਾ ਸਟੋਰ ਕੀਤਾ ਜਾਵੇਗਾ। 'ਪੰਜਾਬ ਕਸਟਮ ਮਿਲਿੰਗ ਨੀਤੀ ਫਾਰ ਸਾਉਣੀ 2025-26' ਪ੍ਰਸਤਾਵ ਕਰਦੀ ਹੈ ਕਿ ਚੌਲ ਮਿੱਲ ਮਾਲਕਾਂ ਨੂੰ ਨੀਤੀ ਅਤੇ ਸਮਝੌਤੇ ਅਨੁਸਾਰ 31 ਮਾਰਚ, 2026 ਤੱਕ ਸਟੋਰ ਕੀਤੇ ਝੋਨੇ ਤੋਂ ਪੈਦਾ ਹੋਏ ਚੌਲ ਡਿਲੀਵਰ ਕਰਨੇ ਪੈਣਗੇ।

## ਪੰਜਾਬ ਰਾਜ ਮਾਈਨਰ ਮਿਨਰਲ ਨੀਤੀ-2023 ਵਿੱਚ ਸੋਧ ਨੂੰ ਹਰੀ ਝੰਡੀ

ਰੇਤ ਖਾਣਾਂ ਦੀ ਵੰਡ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਵਾਧੂ ਮਾਲੀਆ ਵਧਾਉਣ ਅਤੇ ਰੇਤ ਅਤੇ ਬਜਰੀ ਦੀ ਸਪਲਾਈ ਵਧਾਉਣ ਦੇ ਉਦੇਸ਼ ਨਾਲ, ਕੈਬਨਿਟ ਨੇ 'ਪੰਜਾਬ ਰਾਜ ਮਾਈਨਰ ਮਿਨਰਲ ਨੀਤੀ, 2023' ਅਤੇ 'ਪੰਜਾਬ ਮਾਈਨਰ ਮਿਨਰਲ ਨਿਯਮ, 2013' ਦੇ ਸੰਬੰਧਿਤ ਨਿਯਮਾਂ ਵਿੱਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ। 'ਪੰਜਾਬ ਰਾਜ ਮਾਈਨਰ ਮਿਨਰਲ ਨੀਤੀ 2023' ਅਤੇ 'ਪੰਜਾਬ ਮਾਈਨਰ ਮਿਨਰਲ ਨਿਯਮ 2013' ਦੋਵਾਂ ਵਿੱਚ ਇਹ ਸੋਧਾਂ ਨਿਲਾਮੀ ਪ੍ਰਕਿਰਿਆਵਾਂ, ਮਾਈਨਿੰਗ ਅਧਿਕਾਰਾਂ ਦੀ ਗ੍ਰਾਂਟ, ਰਿਆਇਤ ਦੀ ਮਿਆਦ, ਰਿਆਇਤ ਦੀ ਰਕਮ, ਸੁਰੱਖਿਆ ਜਮ੍ਹਾਂ ਰਕਮ ਦੀ ਅਦਾਇਗੀ, ਵਾਤਾਵਰਣ ਪ੍ਰਵਾਨਗੀ ਲੈਣ ਦੀ ਜ਼ਿੰਮੇਵਾਰੀ ਵਿੱਚ ਤਬਦੀਲੀ, 'ਡੈੱਡ ਰੈਂਟ' ਦੀ ਧਾਰਨਾ ਦੀ ਸ਼ੁਰੂਆਤ ਨਾਲ ਸਬੰਧਤ ਹਨ। ਇਹ ਨਵੇਂ ਨਿਯਮ/ਸੋਧਾਂ ਮੌਜੂਦਾ ਪੰਜਾਬ ਰਾਜ ਮਾਈਨਰ ਮਿਨਰਲ ਨੀਤੀ, 2023 ਅਤੇ ਪੰਜਾਬ ਰਾਜ ਮਾਈਨਰ ਮਿਨਰਲ ਨਿਯਮ 2013 ਵਿੱਚ ਜੋੜੀਆਂ/ਬਦਲੀਆਂ ਜਾਣਗੀਆਂ। ਇਸ ਤੋਂ ਇਲਾਵਾ, 30 ਅਪ੍ਰੈਲ 2025 ਦੀ ਪੰਜਾਬ ਰਾਜ ਮਾਈਨਰ ਮਿਨਰਲ (ਸੋਧ) ਨੀਤੀ ਅਨੁਸਾਰ ਰਾਇਲਟੀ ਦੀਆਂ ਦਰਾਂ ਵਧਾਉਣ ਦੀ ਵੀ ਲੋੜ ਹੈ। ਇਸ ਤਹਿਤ, ਰਾਜ ਭੂ-ਵਿਗਿਆਨੀ ਕੋਲ ਨਿਯਮ 87 ਦੇ ਅਨੁਸਾਰ ਮੁਲਾਂਕਣ ਆਦੇਸ਼ਾਂ ਵਿਰੁੱਧ ਅਪੀਲਾਂ ਦੀ ਸੁਣਵਾਈ ਕਰਨ ਦੀਆਂ ਸ਼ਕਤੀਆਂ ਹੋਣਗੀਆਂ। ਇਸ ਵੇਲੇ ਇਹ ਅਹੁਦਾ ਖਾਲੀ ਹੈ, ਇਸ ਲਈ ਸਰਕਾਰ ਨੂੰ ਇਹ ਸ਼ਕਤੀਆਂ ਵਿਭਾਗ ਦੇ ਹੋਰ ਅਧਿਕਾਰੀਆਂ ਨੂੰ ਦੇਣ ਲਈ ਅਧਿਕਾਰਤ ਕਰਨ ਦਾ ਪ੍ਰਸਤਾਵ ਹੈ ਤਾਂ ਜੋ ਅਪੀਲਾਂ ਨਾਲ ਸਬੰਧਤ ਕੰਮ ਪ੍ਰਭਾਵਿਤ ਨਾ ਹੋਵੇ।

## SMET ਦੇ ਗਠਨ ਨੂੰ ਪ੍ਰਵਾਨਗੀ

ਮੰਤਰੀ ਮੰਡਲ ਨੇ ਰਾਜ ਵਿੱਚ ਖਣਿਜ ਸਰੋਤਾਂ ਦੇ ਯੋਜਨਾਬੱਧ ਵਿਕਾਸ ਅਤੇ ਖੋਜ ਗਤੀਵਿਧੀਆਂ ਦੀ ਨਿਗਰਾਨੀ ਲਈ ਪੰਜਾਬ ਰਾਜ ਖਣਿਜ ਖੋਜ ਟਰੱਸਟ (SMET) ਦੇ ਗਠਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ। ਟਰੱਸਟ ਵਿਜ਼ਨ, ਮਿਸ਼ਨ ਪਲਾਨ, ਖੋਜ ਲਈ ਮਾਸਟਰ ਪਲਾਨ, ਜੰਗਲਾਤ ਖੇਤਰ ਦੀ ਖੋਜ ਲਈ ਫੰਡ ਜੁਟਾਉਣ, ਸਰਵੇਖਣ ਸਹੂਲਤ, ਸਮਰੱਥਾ ਨਿਰਮਾਣ ਪ੍ਰੋਗਰਾਮਾਂ ਦਾ ਆਯੋਜਨ, ਖੋਜ ਅਤੇ ਵਿਕਾਸ ਗਤੀਵਿਧੀਆਂ ਦੀ ਯੋਜਨਾ ਬਣਾਏਗਾ, ਵਿਭਾਗੀ ਪ੍ਰਯੋਗਸ਼ਾਲਾ ਨੂੰ ਮਜ਼ਬੂਤ ਅਤੇ ਅਪਗ੍ਰੇਡ ਕਰੇਗਾ, ਅਧਿਕਾਰੀਆਂ ਅਤੇ ਤਕਨੀਕੀ ਵਿਅਕਤੀਆਂ ਦੀ ਨਿਯੁਕਤੀ ਕਰੇਗਾ, ਰਾਜ ਖਣਿਜ ਡਾਇਰੈਕਟਰੀ ਵਿਕਸਤ ਕਰੇਗਾ, ਨਵੀਨਤਾ ਨੂੰ ਉਤਸ਼ਾਹਿਤ ਕਰੇਗਾ, ਖੋਜ ਪ੍ਰੋਜੈਕਟਾਂ ਲਈ ਲੌਜਿਸਟਿਕ ਸਹਾਇਤਾ ਪ੍ਰਦਾਨ ਕਰੇਗਾ ਅਤੇ ਤਕਨਾਲੋਜੀ ਦੀ ਵਰਤੋਂ ਅਤੇ ਹੋਰ ਉਦੇਸ਼ਾਂ ਰਾਹੀਂ ਖਣਨ ਅਤੇ ਸੰਬੰਧਿਤ ਗਤੀਵਿਧੀਆਂ ਦੀ ਨਿਗਰਾਨੀ ਕਰੇਗਾ।

## SSA ਅਧੀਨ ਗੈਰ-ਅਧਿਆਪਨ ਸਟਾਫ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਦੀ ਪ੍ਰਵਾਨਗੀ

ਮੰਤਰੀ ਮੰਡਲ ਨੇ ਸਕੂਲ ਸਿੱਖਿਆ ਵਿਭਾਗ ਵਿੱਚ 1007 ਅਸਾਮੀਆਂ ਦੀ ਸਿਰਜਣਾ ਅਤੇ 'ਸਮਗ੍ਰ ਸਿੱਖਿਆ ਅਭਿਆਨ' (SSA) ਅਧੀਨ ਗੈਰ-ਅਧਿਆਪਨ ਸਟਾਫ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਹ SSA ਨੂੰ ਹਕੀਕਤ ਬਣਾ ਦੇਵੇਗਾ। ਪੰਜਾਬ ਸਰਕਾਰ ਦੇ ਗੈਰ-ਅਧਿਆਪਨ ਸਟਾਫ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਜਾਵੇਗਾ ਅਤੇ ਤਜਰਬੇਕਾਰ ਕਰਮਚਾਰੀਆਂ ਨੂੰ ਸਰਕਾਰੀ ਢਾਂਚੇ ਵਿੱਚ ਸ਼ਾਮਲ ਕਰਨ ਨਾਲ ਸਿੱਖਿਆ ਵਿਭਾਗ ਦੇ ਪ੍ਰਸ਼ਾਸਕੀ ਕੰਮ ਵਿੱਚ ਤੇਜ਼ੀ ਆਵੇਗੀ ਅਤੇ ਹੋਰ ਕਾਨੂੰਨੀ ਰੁਕਾਵਟਾਂ ਦੂਰ ਹੋ ਜਾਣਗੀਆਂ।

## ਪੰਜਾਬ ਸਿੱਖਿਆ ਸੇਵਾ ਨਿਯਮ-2018 ਵਿੱਚ ਸੋਧ ਨੂੰ ਪ੍ਰਵਾਨਗੀ

ਮੰਤਰੀ ਮੰਡਲ ਨੇ ਸਿੱਖਿਆ ਵਿਭਾਗ ਵਿੱਚ ਤਰੱਕੀ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਉਣ ਲਈ ਪੰਜਾਬ ਸਿੱਖਿਆ ਸੇਵਾ ਨਿਯਮ-2018 ਵਿੱਚ ਸੋਧ ਨੂੰ ਪ੍ਰਵਾਨਗੀ ਦੇ ਦਿੱਤੀ। 2018 ਦੇ ਮੌਜੂਦਾ ਨਿਯਮਾਂ ਵਿੱਚ, ਕੁਝ ਕਾਡਰਾਂ ਲਈ ਤਰੱਕੀ ਦਾ ਕੋਈ ਮੌਕਾ ਨਹੀਂ ਸੀ, ਪਰ ਹੁਣ ਇਨ੍ਹਾਂ ਨਿਯਮਾਂ ਵਿੱਚ ਸੋਧ ਨਾਲ, ਪੀਟੀਆਈ (ਐਲੀਮੈਂਟਰੀ), ਪ੍ਰੀ-ਪ੍ਰਾਇਮਰੀ ਅਧਿਆਪਕ, ਸਪੈਸ਼ਲ ਐਜੂਕੇਟਰ ਅਧਿਆਪਕ (ਸੈਕੰਡਰੀ) ਅਤੇ ਸਪੈਸ਼ਲ ਐਜੂਕੇਟਰ ਅਧਿਆਪਕ (ਐਲੀਮੈਂਟਰੀ) ਅਤੇ ਵੋਕੇਸ਼ਨਲ ਮਾਸਟਰਾਂ ਨੂੰ ਤਰੱਕੀ ਦੇ ਨਵੇਂ ਮੌਕੇ ਮਿਲਣਗੇ। ਇਸ ਸੋਧ ਨਾਲ ਲਗਭਗ 1500 ਅਧਿਆਪਕਾਂ ਨੂੰ ਲਾਭ ਹੋਵੇਗਾ। ਇਸ ਸੋਧ ਨਾਲ ਨਵੀਆਂ ਭਰਤੀਆਂ ਦਾ ਰਾਹ ਖੁੱਲ੍ਹੇਗਾ ਅਤੇ ਦਿਲਚਸਪੀ ਰੱਖਣ ਵਾਲੇ ਉਮੀਦਵਾਰਾਂ ਲਈ ਨੌਕਰੀ ਦੇ ਨਵੇਂ ਮੌਕੇ ਪੈਦਾ ਹੋਣਗੇ।

## ਕਮਿਊਨਿਟੀ ਸੇਵਾ ਦਿਸ਼ਾ-ਨਿਰਦੇਸ਼-2025 ਨੂੰ ਹਰੀ ਝੰਡੀ

ਮੰਤਰੀ ਮੰਡਲ ਨੇ 'ਪੰਜਾਬ ਕਮਿਊਨਿਟੀ ਸੇਵਾ ਦਿਸ਼ਾ-ਨਿਰਦੇਸ਼-2025' ਨੂੰ ਵੀ ਆਪਣੀ ਪ੍ਰਵਾਨਗੀ ਦੇ ਦਿੱਤੀ। ਇਸਦਾ ਉਦੇਸ਼ ਪੰਜਾਬ, ਹਰਿਆਣਾ ਅਤੇ ਯੂਟੀ ਚੰਡੀਗੜ੍ਹ ਦੀਆਂ ਜ਼ਿਲ੍ਹਾ ਅਦਾਲਤਾਂ ਵਿੱਚ ਇੱਕਸਾਰਤਾ ਲਿਆਉਣਾ ਹੈ ਤਾਂ ਜੋ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇ ਜੋ ਬੀਐਨਐਸਐਸ ਦੀ ਧਾਰਾ 23(2), ਜਾਂ ਕਿਸ਼ੋਰ ਨਿਆਂ ਐਕਟ 2015 ਦੀ ਧਾਰਾ 18(1)(c) ਜਾਂ ਦੇਸ਼ ਭਰ ਦੇ ਹੋਰ ਕਾਨੂੰਨਾਂ ਅਧੀਨ ਕਮਿਊਨਿਟੀ ਸੇਵਾ ਸਜ਼ਾ ਪ੍ਰਦਾਨ ਕਰਦੇ ਹਨ।

## ਜ਼ਿਲ੍ਹਾ ਪ੍ਰੀਸ਼ਦਾਂ ਤੋਂ ਸਿਹਤ ਵਿਭਾਗ ਵਿੱਚ ਤਬਾਦਲੇ ਦੇ ਮੌਕੇ 'ਤੇ ਪੇਂਡੂ ਮੈਡੀਕਲ ਅਫਸਰਾਂ ਨੂੰ 'ਤਨਖਾਹ ਸੁਰੱਖਿਆ' ਦਾ ਲਾਭ

ਪੰਜਾਬ ਮੰਤਰੀ ਮੰਡਲ ਨੇ ਜ਼ਿਲ੍ਹਾ ਪ੍ਰੀਸ਼ਦਾਂ ਅਧੀਨ ਕੰਮ ਕਰਨ ਵਾਲੇ ਪੇਂਡੂ ਮੈਡੀਕਲ ਅਫਸਰਾਂ ਨੂੰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ ਉਨ੍ਹਾਂ ਦੇ ਤਬਾਦਲੇ (ਸ਼ਾਮਲ ਹੋਣ) ਦੇ ਮੌਕੇ 'ਤੇ 'ਤਨਖਾਹ ਸੁਰੱਖਿਆ' ਯਕੀਨੀ ਬਣਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਨ੍ਹਾਂ ਮੈਡੀਕਲ ਅਫਸਰਾਂ ਨੂੰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ ਉਨ੍ਹਾਂ ਦੇ ਤਬਾਦਲੇ/ਸ਼ਾਮਲ ਹੋਣ ਤੋਂ ਬਾਅਦ 'ਤਨਖਾਹ ਸੁਰੱਖਿਆ' ਦਾ ਲਾਭ ਇਸ ਸ਼ਰਤ 'ਤੇ ਉਪਲਬਧ ਹੋਵੇਗਾ ਕਿ ਪਿਛਲੀ ਸੇਵਾ ਦਾ ਲਾਭ 'ਤਨਖਾਹ ਸੁਰੱਖਿਆ' ਤੋਂ ਇਲਾਵਾ ਕਿਸੇ ਹੋਰ ਉਦੇਸ਼ ਲਈ ਲਾਗੂ ਨਹੀਂ ਹੋਵੇਗਾ।

## ਸਰਕਾਰੀ ਡਾਕਟਰਾਂ ਦੇ ਸਨਮਾਨ ਲਈ ਨੀਤੀ ਬਣਾਉਣ ਨੂੰ ਪ੍ਰਵਾਨਗੀ

ਮੰਤਰੀ ਮੰਡਲ ਨੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਅਧੀਨ ਕੰਮ ਕਰਨ ਵਾਲੇ ਸਰਕਾਰੀ ਡਾਕਟਰਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕਰਨ ਲਈ ਨੀਤੀ ਬਣਾਉਣ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਇਸ ਤਹਿਤ, ਵਿਭਾਗ ਵਿੱਚ ਨਿਯਮਤ ਜਾਂ ਠੇਕੇ 'ਤੇ ਕੰਮ ਕਰਨ ਵਾਲੇ ਸਾਰੇ ਡਾਕਟਰ, ਆਪੋ-ਆਪਣੇ ਵਰਗਾਂ ਵਿੱਚ ਇਹ ਸਨਮਾਨ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ।

## ਪੰਜਾਬ ਪੁਲਿਸ ਵਿੱਚ 1600 ਨਵੀਆਂ ਐਨਜੀਓ ਅਸਾਮੀਆਂ ਦੀ ਸਿਰਜਣਾ

ਪੁਲਿਸ ਜਾਂਚ ਵਿੱਚ ਕੁਸ਼ਲਤਾ ਵਧਾਉਣ ਅਤੇ ਨਵੀਆਂ ਚੁਣੌਤੀਆਂ, ਖਾਸ ਕਰਕੇ ਐਨਡੀਪੀਐਸ ਮਾਮਲਿਆਂ ਅਤੇ ਹੋਰ ਸੰਗਠਿਤ ਅਪਰਾਧਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਪੁਲਿਸ ਥਾਣਿਆਂ ਨੂੰ ਮਜ਼ਬੂਤ ਕਰਨ ਲਈ, ਕੈਬਨਿਟ ਨੇ ਪੰਜਾਬ ਪੁਲਿਸ ਦੇ ਜ਼ਿਲ੍ਹਾ ਕੇਡਰ ਵਿੱਚ 1600 ਨਵੀਆਂ ਗੈਰ-ਗਜ਼ਟਿਡ ਅਫਸਰ (ਐਨਜੀਓ) ਅਸਾਮੀਆਂ (ਏਐਸਆਈ, ਐਸਆਈ ਅਤੇ ਇੰਸਪੈਕਟਰ) ਬਣਾਉਣ ਨੂੰ ਪ੍ਰਵਾਨਗੀ ਦਿੱਤੀ। ਇਸ ਫੈਸਲੇ ਅਨੁਸਾਰ, ਪੰਜਾਬ ਪੁਲਿਸ ਦੇ ਜ਼ਿਲ੍ਹਾ ਕੇਡਰ ਵਿੱਚ 1600 ਨਵੀਆਂ ਐਨਜੀਓ ਅਸਾਮੀਆਂ (150 ਇੰਸਪੈਕਟਰ, 450 ਸਬ ਇੰਸਪੈਕਟਰ ਅਤੇ 1000 ਏਐਸਆਈ) ਬਣਾਈਆਂ ਜਾਣਗੀਆਂ ਅਤੇ ਇਨ੍ਹਾਂ ਅਸਾਮੀਆਂ ਨੂੰ ਤਰੱਕੀਆਂ ਰਾਹੀਂ ਭਰਿਆ ਜਾਵੇਗਾ, ਜਿਸ ਦੇ ਨਤੀਜੇ ਵਜੋਂ 1600 ਕਾਂਸਟੇਬਲ ਅਸਾਮੀਆਂ 'ਤੇ ਭਰਤੀ ਕੀਤੀ ਜਾਵੇਗੀ। ਇਹ ਫੈਸਲਾ ਪੁਲਿਸ ਵਿਭਾਗ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਢੁਕਵੀਂ ਤਾਇਨਾਤੀ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਨਾਲ ਹੀ ਐਨਡੀਪੀਐਸ ਐਕਟ ਮਾਮਲਿਆਂ, ਘਿਨਾਉਣੇ ਅਪਰਾਧਾਂ, ਸਾਈਬਰ ਅਪਰਾਧਾਂ ਅਤੇ ਹੋਰ ਆਰਥਿਕ ਅਪਰਾਧਾਂ ਦੀ ਜਾਂਚ ਵਿੱਚ ਕੁਸ਼ਲਤਾ ਅਤੇ ਨਿਗਰਾਨੀ ਨੂੰ ਯਕੀਨੀ ਬਣਾਇਆ ਜਾ ਸਕੇ।

# ਦਿੱਲੀ ਤੋਂ ਕਾਠਮੰਡੂ ਜਾਣ ਵਾਲੀਆਂਉਡਾਣਾਂ ਰੱਦ ਹੋਣ ਨਾਲ ਦੋਵਾਂ ਦੇਸ਼ਾਂ ਵਿਚਾਲੇ ਯਾਤਰਾ ਕਰਨ ਵਾਲੇ ਸੈਂਕੜੇ ਯਾਤਰੀ ਪ੍ਰਭਾਵਿਤ ਹੋਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 9463601616
hardipchumber57@gmail.com




ਇਹ ਪੂਰਾ ਸੰਕਟ ਸਰਕਾਰ ਵੱਲੋਂ ਸੋਸ਼ਲ ਮੀਡੀਆ 'ਤੇ ਲਗਾਈ ਗਈ ਪਾਬੰਦੀ ਦੇ ਖਿਲਾਫ 'Gen-Z' ਦੀ ਅਗਵਾਈ ਵਿੱਚ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨ ਤੋਂ ਪੈਦਾ ਹੋਇਆ ਹੈ, ਜੋ ਹੁਣ ਭ੍ਰਿਸ਼ਟਾਚਾਰ ਦੇ ਖਿਲਾਫ ਇੱਕ ਵੱਡੇ ਅੰਦੋਲਨ ਵਿੱਚ ਬਦਲ ਗਿਆ ਹੈ।

1. 19 ਪ੍ਰਦਰਸ਼ਨਕਾਰੀਆਂ ਦੀ ਮੌਤ: ਸੋਮਵਾਰ ਨੂੰ ਕਾਠਮੰਡੂ ਵਿੱਚ ਸੰਘੀ ਸੰਸਦ ਅਤੇ ਹੋਰ ਥਾਵਾਂ ਦੇ ਆਲੇ-ਦੁਆਲੇ ਹੋਈਆਂ ਝੜਪਾਂ ਵਿੱਚ ਘੱਟੋ-ਘੱਟ 19 ਪ੍ਰਦਰਸ਼ਨਕਾਰੀਆਂ ਦੀ ਮੌਤ ਹੋ ਗਈ ਅਤੇ ਸੈਂਕੜੇ ਹੋਰ ਜ਼ਖਮੀ ਹੋ ਗਏ।

2. ਸਰਕਾਰੀ ਦਫ਼ਤਰਾਂ ਅਤੇ ਨੇਤਾਵਾਂ ਦੇ ਘਰਾਂ 'ਤੇ ਹਮਲਾ: ਮੰਗਲਵਾਰ ਨੂੰ ਪ੍ਰਦਰਸ਼ਨਕਾਰੀਆਂ ਨੇ ਦੇਸ਼ ਦੇ ਮੁੱਖ ਪ੍ਰਸ਼ਾਸਨਿਕ ਕੰਪਲੈਕਸ, ਸਿੰਘ ਦਰਬਾਰ (Singha Durbar) ਵਿੱਚ ਦਾਖਲ ਹੋ ਕੇ ਭੰਨ-ਤੋੜ ਕੀਤੀ। ਇਸ ਤੋਂ ਇਲਾਵਾ, ਪ੍ਰਦਰਸ਼ਨਕਾਰੀਆਂ ਨੇ ਪੀਐੱਮ ਓਲੀ ਦੇ ਨਿੱਜੀ ਨਿਵਾਸ, ਨੇਪਾਲੀ ਕਾਂਗਰਸ ਦੇ ਪ੍ਰਧਾਨ ਸ਼ੇਰ ਬਹਾਦੁਰ ਦੇਉਬਾ ਦੇ ਘਰ, ਅਤੇ ਸੀਪੀਐਨ-ਯੂਐਮਐਲ ਦੇ ਪਾਰਟੀ ਦਫ਼ਤਰ ਸਮੇਤ ਕਈ ਸਿਆਸੀ ਨੇਤਾਵਾਂ ਦੇ ਘਰਾਂ ਅਤੇ ਪਾਰਟੀ ਦਫ਼ਤਰਾਂ ਵਿੱਚ ਅੱਗ ਲਗਾ ਦਿੱਤੀ ਅਤੇ ਭੰਨ-ਤੋੜ ਕੀਤੀ।

3. ਹਵਾਈ ਅੱਡੇ 'ਤੇ ਸੈਨਾ ਤਾਇਨਾਤ: ਵਿਗੜਦੇ ਹਾਲਾਤ ਨੂੰ ਦੇਖਦੇ ਹੋਏ ਕਾਠਮੰਡੂ ਦੇ ਤ੍ਰਿਭੁਵਨ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਹੈ ਅਤੇ ਇਸਦੀ ਸੁਰੱਖਿਆ ਲਈ ਨੇਪਾਲੀ ਸੈਨਾ (Nepali Army) ਨੂੰ ਤਾਇਨਾਤ ਕੀਤਾ ਗਿਆ ਹੈ।

4. ਪੀਐੱਮ ਦਾ ਅਸਤੀਫਾ: ਇਸ ਭਾਰੀ ਉਥਲ-ਪੁਥਲ ਦੇ ਵਿਚਕਾਰ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

ਇਹ ਉਡਾਣਾਂ ਰੱਦ ਹੋਣ ਨਾਲ ਦੋਵਾਂ ਦੇਸ਼ਾਂ ਵਿਚਾਲੇ ਯਾਤਰਾ ਕਰਨ ਵਾਲੇ ਸੈਂਕੜੇ ਯਾਤਰੀ ਪ੍ਰਭਾਵਿਤ ਹੋਏ ਹਨ। ਇੰਡੀਗੋ ਏਅਰਲਾਈਨਜ਼ ਨੇ ਵੀ ਆਪਣੀਆਂ ਕਾਠਮੰਡੂ ਦੀਆਂ ਉਡਾਣਾਂ ਰੱਦ ਕਰ ਦਿੱਤੀਆਂ ਹਨ। ਸਥਿਤੀ ਆਮ ਹੋਣ ਤੋਂ ਬਾਅਦ ਹੀ ਉਡਾਣਾਂ ਦਾ ਸੰਚਾਲਨ ਮੁੜ ਸ਼ੁਰੂ ਹੋ ਸਕੇਗਾ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 09 ਸਤੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## “ਭਾਰਤ ਦੇ ਸਵਰਾਜ ਦਾ ਮੁੱਦਾ” ਦਾ ਅੱਗੇ ਦਾ ਭਾਗ

5. ਅਜਿਹੇ ਵਿਚਾਰਾਂ ਨੂੰ ਅਪਣਾ ਕੇ ਬੜੀ ਬੇਰਹਿਮੀ ਨਾਲ ਐਲਾਨ ਕੀਤਾ ਜਾਂਦਾ ਹੈ ਕਿ ਅਸੀਂ ਜਾਤੀਵਾਦੀ ਹਾਂ ਅਤੇ ਇਸ ਦੇਸ਼ ਦੇ ਦੁਸ਼ਮਣ ਹਾਂ। ਹਰ ਦੇਸ਼ ਵਿੱਚ ਰਾਜ ਪ੍ਰਬੰਧ ਦੇ ਸਾਰੇ ਸਿਧਾਂਤ ਪੜ੍ਹੇ ਲਿਖੇ ਵਰਗ ਨੂੰ ਸੌਂਪੇ ਜਾਂਦੇ ਹਨ ਅਤੇ ਕਾਂਗਰਸੀ ਲੋਕ ਇਹ ਕਹਿੰਦੇ ਨਹੀਂ ਥੱਕਦੇ ਕਿ ਕੁਸ਼ਲ ਸ਼ਾਸਨ ਲਈ ਇਹ ਜ਼ਰੂਰੀ ਹੈ। ਭਵਿੱਖ ਵਿੱਚ ਸਾਡਾ ਮਾਲਕ ਕੋਈ



ਵੀ ਬਣ ਜਾਵੇ, ਹਰ ਕਿਸੇ ਦੀ ਸੋਚ ਸੱਤਾ ਨੂੰ ਜਾਗੀਰਦਾਰਾਂ ਦੇ ਹੱਥਾਂ ਵਿੱਚ ਸੌਂਪਣ ਦੀ ਹੈ। ਇਹ ਕਿ ਸਮਾਜਿਕ ਅਤੇ ਰਾਜਨੀਤਿਕ ਮੁੱਦੇ ਦੋ ਵੱਖ-ਵੱਖ ਚੀਜ਼ਾਂ ਹਨ ਅਤੇ ਇਨ੍ਹਾਂ ਦਾ ਇੱਕ ਦੂਜੇ ਨਾਲ ਕੋਈ ਸਬੰਧ ਨਹੀਂ ਹੈ।

ਚੰਗੇ ਗ੍ਰਹਿਸਤੀ ਲੋਕੋ, ਤੁਹਾਨੂੰ ਉਨ੍ਹਾਂ ਲੋਕਾਂ ਤੋਂ ਸੁਚੇਤ ਰਹਿਣਾ ਪਵੇਗਾ ਜੋ ਮਨੁੱਖੀ ਜੀਵਨ ਦੀਆਂ ਅਜਿਹੀਆਂ ਘੜੀਆਂ ਘੜਾਈਆਂ ਕਲਪਨਾਵਾਂ ਰਾਹੀਂ ਤੁਹਾਨੂੰ ਗੁੰਮਰਾਹ ਕਰਦੇ ਹਨ। ਜੇਕਰ ਤੁਸੀਂ ਅਜਿਹੇ ਚੋਰ ਕੋਸ਼ਿਸ਼ਾਂ ਤੋਂ ਸੁਚੇਤ ਰਹੋਗੇ, ਤਾਂ ਤੁਸੀਂ ਦੇਖੋਗੇ ਕਿ ਰਾਜਨੀਤੀ ਦੇ ਖ਼ਾਤਰ ਵਿੱਚ ਵਿਅਕਤੀ ਦੇ ਸੁਭਾਅ ਅਤੇ ਉਸਦੇ ਅੰਦਰੂਨੀ ਗੁਣਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਜਦੋਂ ਕੋਈ ਵਿਅਕਤੀ ਸਿਆਸਤਦਾਨ ਹੋਣ ਦੇ ਨਾਤੇ ਤੁਹਾਡੀ ਵੋਟ ਮੰਗਣ ਆਉਂਦਾ ਹੈ ਤਾਂ ਉਹ ਆਪਣੇ ਵਿਚਾਰਾਂ, ਸਵਾਰਥਾਂ ਅਤੇ ਆਪਣੇ ਸੁਭਾਅ ਨੂੰ ਕੋਟ ਵਾਂਗ ਘਰ ਵਿੱਚ ਟੰਗ ਕੇ ਨਹੀਂ ਆਉਂਦਾ। ਉਹ ਆਪਣੀ ਸ਼ਖ਼ਸੀਅਤ ਅਤੇ ਆਪਣੇ ਸੁਭਾਅ ਨੂੰ ਨਾਲ ਲੈ ਕੇ ਵੋਟਾਂ ਮੰਗਣ ਆਉਂਦਾ ਹੈ।

ਜਗੀਰੂ ਜਮਾਤ ਦੀ ਅਕਲ ਦੇਸ਼ ਦੀ ਬਹੁਤ ਵੱਡੀ ਪੂੰਜੀ ਹੈ। ਪਰ ਇਸ ਅਕਲ ਦੀ ਮਦਦ ਨਾਲ ਇਹ ਜ਼ਰੂਰੀ ਨਹੀਂ ਕਿ ਉਹ ਰਾਜ ਕਰਨ ਦਾ ਸਵੈ-ਸਪੱਸ਼ਟ ਅਧਿਕਾਰ ਪ੍ਰਾਪਤ ਕਰ ਲੈਣ। ਇਹ ਅਧਿਕਾਰ ਉਸ ਵਿਅਕਤੀ ਦੇ ਚਰਿੱਤਰ 'ਤੇ ਅਤੇ ਉਹ ਆਪਣੀ ਅਕਲ ਦੀ ਵਰਤੋਂ ਕਿਵੇਂ ਕਰਦਾ ਹੈ ਅਧਾਰਤ ਹੁੰਦਾ ਹੈ । ਸਾਨੂੰ ਸਿਰਫ਼ ਕਾਰਜ-ਕੁਸ਼ਲਤਾ 'ਤੇ ਧਿਆਨ ਦੇਣਾ ਹੋਵੇਗਾ।

ਐਡੀਸਨ ਦਾ ਕਹਿਣਾ ਹੈ ਕਿ ਜਦੋਂ ਲੋਕ ਇਸ ਗੱਲ ਦੀ ਚਿੰਤਾ ਕੀਤੇ ਬਿਨ੍ਹਾਂ ਕਿਸੇ ਦੀ ਕਾਬਲੀਅਤ ਦਾ ਸਤਿਕਾਰ ਕਰਨਾ ਸ਼ੁਰੂ ਕਰ ਦਿੰਦੇ ਹਨ ਕਿ ਉਸ ਦੀ ਬੁੱਧੀ ਸਮਾਜ ਨੂੰ ਕਿਵੇਂ ਲਾਭ ਪਹੁੰਚਾ ਰਹੀ ਹੈ ਜਾਂ ਨੁਕਸਾਨ ਪਹੁੰਚਾ ਰਹੀ ਹੈ ਤਾਂ ਸਮਾਜ ਲਈ ਇਸ ਤੋਂ ਵੱਧ ਖਤਰਨਾਕ ਹੋਰ ਕੁਝ ਨਹੀਂ ਹੋ ਸਕਦਾ। ਬੁੱਧੀ ਅਤੇ ਕਲਾਤਮਕ ਯੋਗਤਾ ਦੀ ਇਸ ਕੁਦਰਤੀ ਦਾਤ, ਕਾਬਲੀਅਤ ਨੂੰ ਗੁਣਾਂ ਦੇ ਵਿਕਾਸ ਲਈ ਵਰਤਿਆ ਜਾਵੇ, ਤਾਂ ਹੀ ਜੇ ਇਹ ਸਭਿਅਤਾ ਦੇ ਵਿਕਾਸ ਲਈ ਅੜਿੱਕਾ ਨਾ ਬਣੇ, ਤਾਂ ਹੀ ਉਹ ਕਾਬਲੀਅਤ ਕੀਮਤੀ ਹੋ ਸਕਦੀ ਹੈ। ਜਿਸ ਨਾਲ ਅਸੀਂ ਗੱਲ ਕਰਦੇ ਹਾਂ

ਜਦੋਂ ਤੱਕ ਉਨ੍ਹਾਂ ਦੇ ਮਨ ਦਾ ਝੁਕਾਅ ਅਤੇ ਮਾਨਸਿਕਤਾ ਨੂੰ ਚੰਗੀ ਤਰ੍ਹਾਂ ਜਾਣਿਆ ਨਹੀਂ ਜਾਂਦਾ, ਉਦੋਂ ਤੱਕ ਉਨ੍ਹਾਂ ਬਾਰੇ ਚੰਗੀ ਰਾਏ ਨਹੀਂ ਬਣਾਉਣੀ ਚਾਹੀਦੀ। ਨਹੀਂ ਤਾਂ, ਅਸੀਂ ਉਨ੍ਹਾਂ ਲੋਕਾਂ ਦੇ ਜਾਲ ਵਿੱਚ ਫਸ ਸਕਦੇ ਹਾਂ ਜੋ ਆਪਣੀ ਚਮਕ-ਦਮਕ ਫਸਾਉਣ ਦੇ ਬਾਅਦ ਇਹ ਸੋਚਣਾ ਪਵੇ ਕਿ ਉਹ ਤੁੱਛ ਸਮਝੇ ਜਾਣ ਦੇ ਹੱਕਦਾਰ ਹਨ। ਸ਼ਾਸਨ ਦੀ ਸੱਤਾ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਨ ਵਾਲੇ ਅਮੀਰ ਲੋਕਾਂ ਦੇ ਚਰਿੱਤਰ ਬਾਰੇ ਮੈਂ ਪਹਿਲਾਂ ਹੀ ਵੇਰਵੇ ਦੇ ਚੁੱਕਾ ਹਾਂ। ਇਸ ਲਈ ਹੋਰ ਕੁਝ ਦੱਸਣ ਦੀ ਲੋੜ ਨਹੀਂ ਹੈ। ਪਰ ਇਨ੍ਹਾਂ ਧਨਾਢਾਂ ਕਾਰਨ ਇਸ ਦੇਸ਼ ਵਿੱਚ ਵਾਪਰ ਰਹੀਆਂ ਸ਼ਰਮਨਾਕ ਘਟਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਇਸ ਦੇਸ਼ ਦੇ ਪੰਜ ਤੋਂ ਛੇ ਕਰੋੜ ਲੋਕ ਛੂਤ-ਛਾਤ ਦਾ ਸਰਾਪ ਭੋਗ ਰਹੇ ਹਨ। ਇਹ ਸਰਾਪ ਅਤੇ ਉਨ੍ਹਾਂ ਦਾ ਦੁੱਖ ਇੰਨਾ ਭਿਆਨਕ ਹੈ ਕਿ ਅਜਿਹਾ ਦੁੱਖ ਦੁਨੀਆ ਦਿ ਕਿਸੇ ਹੋਰ ਕੋਨੇ ਵਿੱਚ ਕਿਤੇ ਵੀ ਨਹੀਂ ਦੇਖਿਆ ਜਾ ਸਕਦਾ। ਉਨ੍ਹਾਂ ਨੂੰ ਹਰ ਮਨੁੱਖ ਲਈ ਲੋੜੀਂਦੇ ਮੁੱਢਲੇ ਅਧਿਕਾਰਾਂ ਤੋਂ ਵਾਂਝਾ ਰੱਖਿਆ ਗਿਆ ਹੈ। ਬਰਾਬਰ ਮੌਕੇ ਨਾ ਮਿਲਣ ਕਾਰਨ ਉਨ੍ਹਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ। ਇਸ ਦੇਸ਼ ਵਿੱਚ ਅਛੂਤਾਂ ਤੋਂ ਇਲਾਵਾ ਬਰਾਬਰ ਦੀ ਗਿਣਤੀ ਵਿੱਚ ਆਦਿਵਾਸੀਆਂ ਅਤੇ ਜੰਗਲੀ ਕਬੀਲਿਆਂ ਦੇ ਲੋਕ ਵੀ ਹਨ।

ਉਹਨਾਂ ਨੂੰ ਸੱਭਿਆਚਾਰ ਅਤੇ ਸੁਧਾਰ ਦੀ ਰੌਸ਼ਨੀ ਵਿੱਚ ਲਿਆਉਣ ਦੀ ਬਜਾਏ ਉਹਨਾਂ ਨੂੰ ਪੁਰਾਣੇ ਅਤੇ ਜੰਗਲੀ ਅਵਸਥਾ ਵਿੱਚ ਛੱਡ ਦਿੱਤਾ ਗਿਆ ਹੈ। ਇਹ ਦੇਸੀ ਜਾਗੀਰਦਾਰਾਂ ਦੀ ਸੇਵਾ ਭਾਵਨਾ ਦੀ ਘਾਟ ਅਤੇ ਪਿਛਲੇ ਸਮੇਂ ਵਿੱਚ ਗੈਰ-ਜ਼ਿੰਮੇਵਾਰੀ ਦੀਆਂ ਜਿਉਂਦੀਆਂ ਜਾਗਦੀਆਂ ਮਿਸਾਲਾਂ ਹਨ। ਸਾਨੂੰ ਇਹ ਯਕੀਨ ਕਰਨ ਲਈ ਕਿਹਾ ਜਾਂਦਾ ਹੈ ਕਿ ਭਵਿੱਖ ਵਿੱਚ ਇਹਨਾਂ ਅਮੀਰ ਲੋਕਾਂ ਦਾ ਵਿਵਹਾਰ ਬਿਲਕੁਲ ਵੱਖਰਾ ਹੋਵੇਗਾ। ਮੈਂ ਇਸ ਗੱਲ 'ਤੇ ਵਿਸ਼ਵਾਸ ਕਰਾਂ ਮੈਂ ਇੰਨਾ ਭੋਲਾ ਨਹੀਂ ਹਾਂ ਕਿਉਂਕਿ ਮੈਂ ਅੱਜ ਦੇ ਸ਼ੈਤਾਨ ਦੇ ਰਾਤੋ-ਰਾਤ ਬਦਲਦੇ ਹੋਏ ਦੇਖਿਆ ਅਤੇ ਉਹ ਰੱਬ ਦੇ ਦੂਤ ਬਣ ਗਏ, ਅਜਿਹੀ ਮਿਸਾਲ ਕਦੇ ਨਹੀਂ ਦੇਖੀ ਹੈ।

6. ਸਾਨੂੰ ਇਹ ਵੀ ਕਿਹਾ ਜਾਂਦਾ ਹੈ ਕਿ ਸਮਾਜਿਕ ਸਮੱਸਿਆਵਾਂ ਦਾ ਹੱਲ ਉਦੋਂ ਤੱਕ ਮੁਲਤਵੀ ਕਰ ਦੇਣਾ ਚਾਹੀਦਾ ਹੈ ਜਦੋਂ ਤੱਕ ਦੇਸ਼ ਨੂੰ ਰਾਜਨੀਤਿਕ ਆਜ਼ਾਦੀ ਨਹੀਂ ਮਿਲ ਜਾਂਦੀ। ਕੋਈ ਵੀ ਸਮਝਦਾਰ ਵਿਅਕਤੀ ਇਸ ਜਾਲ ਵਿੱਚ ਨਹੀਂ ਫਸ ਸਕਦਾ। ਕਿਸੇ ਵੀ ਦੀਵਾਨਖ਼ਾਨੇ (ਧਨ ਵਾਲੇ ਘਰ) ਵਿਚ ਦਾਖਲ ਹੋਣ ਤੋਂ ਪਹਿਲਾਂ, ਹਰ ਕੋਈ ਇਹ ਦੇਖ ਲਵੇ ਕਿ ਇਹ ਪਿੰਜਰਾ ਤਾਂ ਨਹੀਂ। ਸਾਡੇ ਵਿੱਚੋਂ ਹਰ ਕੋਈ ਜਾਣਦਾ ਹੈ ਜਾਂ ਸਾਰਿਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਾਧਨਾਂ ਵਾਲਾ ਵਿਅਕਤੀ ਸਾਧਨ-ਰਹਿਤ ਵਿਅਕਤੀ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੁੰਦਾ ਹੈ।

ਸਾਡੇ ਵਿੱਚੋਂ ਹਰ ਕੋਈ ਜਾਣਦਾ ਹੈ ਜਾਂ ਜਾਣਨਾ ਚਾਹੀਦਾ ਹੈ ਕਿ ਜਿਸ ਦੇ ਹੱਥ ਵਿੱਚ ਸੱਤਾ ਹੈ, ਉਹ ਸੱਤਾ ਤੋਂ ਬਾਹਰ ਹੋਣ ਵਾਲੇ ਵਿਅਕਤੀ ਦਾ ਪੱਖ ਵਿਰਲੇ ਲੋਕ ਕਦੇ ਕਦਾਈਂ ਹੀ ਲੈਂਦਾ ਹੈ ਅਤੇ ਘੱਟ ਹੀ ਉਸਨੂੰ ਸੱਤਾ ਵਿੱਚ ਹਿੱਸਾ ਕਦੇ ਕਦਾਈਂ ਹੀ ਦਿੰਦਾ ਹੈ। ਇਸ ਲਈ ਜੇਕਰ ਤੁਸੀਂ ਆਸਾਨੀ ਨਾਲ ਸੱਤਾ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਸੌਂਪ ਦਿੰਦੇ ਹੋ ਸਮਾਜਿਕ ਮੁੱਦਿਆਂ ਨੂੰ ਹੱਲ ਹੋਣਾ ਨਾਲੋਂ ਜਿਆਦਾ ਨੁਕਸਾਨ ਹੋਣ ਦੀ ਸੰਭਾਵਨਾ ਹੈ, ਤਾਂ ਤੁਸੀਂ ਸਮਾਜਿਕ ਮੁੱਦਿਆਂ ਦੇ ਹੱਲ ਦੀ ਉਮੀਦ ਨਹੀਂ ਕਰ ਸਕਦੇ। ਨਾਲ ਹੀ, ਜਿਨ੍ਹਾਂ ਦੀ ਤੁਸੀਂ ਅੱਜ ਸੱਤਾ ਵਿੱਚ ਆਉਣ ਵਿੱਚ ਮਦਦ ਕਰੋਗੇ ! ਭਵਿੱਖ ਵਿੱਚ ਤੁਹਾਨੂੰ ਉਨ੍ਹਾਂ ਲੋਕਾਂ ਨੂੰ ਸੱਤਾ ਤੋਂ ਬਾਹਰ ਕੱਢਣ ਲਈ ਇੱਕ ਕ੍ਰਾਂਤੀ ਸ਼ੁਰੂ ਕਰਨੀ ਪੈ ਸਕਦੀ ਹੈ ।

ਸੱਜਣੋ, ਮੇਰੀ ਇਹ ਸਲਾਹ ਵੀ ਇੱਕ ਮਹਾਨ ਸਿਆਸੀ ਦਾਰਸ਼ਨਿਕ ਐਡਮੰਡ ਬਰਕ ਨੇ ਵੀ ਦਿੱਤੀ ਹੈ। ਉਹ ਕਹਿੰਦਾ ਹੈ, ਇੰਨਾ ਧਿਆਨ ਰੱਖਣਾ ਬਿਹਤਰ ਹੈ ਕਿ ਦੂਜਿਆਂ ਨੂੰ ਆਪਣੀ ਪ੍ਰਵਾਨਗੀ ਦਿੰਦੇ ਹੋਏ ਅਸੀਂ ਉਹਨਾਂ ਦੇ ਦੁਆਰਾ ਆਪਣੀ ਨਿਰਾਦਰੀ ਦਾ ਕਾਰਨ ਬਣ ਜਾਈਏ, ਇਸ ਤੋਂ ਬਿਹਤਰ ਹੈ ਕਿ ਅਸੀਂ ਆਸਾਨੀ ਨਾਲ ਵਿਸ਼ਵਾਸ ਕਰ ਕੇ ਆਪਮੇ ਸਰਬਨਾਸ਼ ਲਈ ਜ਼ਿੰਮੇਵਾਰ ਨਾਂ ਬਣੀਏ। ਇਸ ਸਲਾਹ ਅਨੁਸਾਰ ਮੈਂ ਅਜਿਹਾ ਸਮਝਦਾ ਹਾਂ ਕਿ, ਸਮਾਜਿਕ ਸਮੱਸਿਆਵਾਂ ਨੂੰ ਹੱਲ ਕਰਨ ਦੀ ਪ੍ਰਣਾਲੀ 'ਤੇ ਵਿਸ਼ੇਸ਼ ਜ਼ੋਰ ਦੇ ਕੇ, ਰਾਜ ਦੇ ਸੰਵਿਧਾਨ ਵਿੱਚ ਹੀ ਸਮਾਜਿਕ ਮਸਲਿਆਂ ਬਾਰੇ ਸਹਿਮਤ ਉਪਬੰਧਾਂ ਨੂੰ ਦਰਜ ਕੀਤਾ ਜਾਵੇ। ਸਾਨੂੰ ਇਸ ਗੱਲ 'ਤੇ ਜ਼ੋਰ ਦਿੰਦੇ ਰਹਿਣਾ ਪਵੇਗਾ। ਸਾਨੂੰ ਇਸ ਗੱਲ 'ਤੇ ਅੜੇ ਰਹਿਣਾ ਚਾਹੀਦਾ ਹੈ ਕਿ ਸਮਾਜਿਕ ਮੁੱਦਿਆਂ ਬਾਰੇ ਸੁਲ੍ਹਾ-ਸਫਾਈ ਰਾਜ ਦੇ ਸੰਵਿਧਾਨ ਵਿੱਚ ਦਰਜ ਕੀਤੀ ਜਾਵੇ। ਜੋ ਲੋਕ ਧਕੇ-ਜੋਰੀ ਸ਼ਾਸਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਇਸ ਮਾਮਲੇ ਨੂੰ ਉਨ੍ਹਾਂ ਲੋਕਾਂ ਦੀ ਇੱਛਾ 'ਤੇ ਬਿਲਕੁਲ ਨਹੀਂ ਛੱਡਿਆ ਜਾਣਾ ਚਾਹੀਦਾ ਹੈ ।

•ਦਲਿਤ ਵਰਗ ਲਈ ਸੁਰੱਖਿਆ ਦਾ ਪ੍ਰਬੰਧ

7. ਇਸ ਲਈ ਮੈਨੂੰ ਸਪੱਸ਼ਟ ਤੌਰ 'ਤੇ ਕਹਿਣਾ ਪੈਂਦਾ ਹੈ ਕਿ ਸਮਾਜਿਕ ਸਮੱਸਿਆਵਾਂ ਭਾਰਤੀ ਸਵਰਾਜ ਦੇ ਰਾਹ ਵਿਚ ਰੁਕਾਵਟ ਬਣਦੀਆਂ ਹਨ। ਸਾਨੂੰ ਸ਼ਾਇਦ ਅਜਿਹਾ ਨਾ ਲੱਗੇ, ਪਰ ਭਾਰਤ ਦੇ ਸਿਆਸੀ ਪੁਨਰ-ਨਿਰਮਾਣ ਨੂੰ ਨੇਪਰੇ ਚਾੜ੍ਹਦੇ ਹੋਏ ਇਹ ਯਕੀਨੀ ਬਣਾਉਣ ਲਈ ਕਿ ਕਮਜ਼ੋਰ ਸਮਾਜਿਕ ਤੱਤਾਂ ਨੂੰ ਦੁਖਾਂ ਦੀ ਡੂੰਘ ਖਾਈ ਵਿੱਚ ਨਾਂ ਧੱਕਿਆ ਜਾਵੇ। ਭਾਰਤ ਦੇ ਸੰਵਿਧਾਨ ਵਿੱਚ ਪ੍ਰਗਟ ਕੀਤੀ ਗਈ ਰਾਏ ਹੈ, ਜਿਸ ਵਿੱਚ ਕਿਹਾ ਗਿਆ ਹੈ, ‘ ਰਾਜਨੀਤਿਕ ਸੰਤੁਲਨ ਉੱਤੇ ਅਮਲ ਕਰਨ ਦੀ ਲੋੜ ਨਹੀਂ’! ਇਹ ਜੋ ਕੀਤਾ ਜਾ ਰਿਹਾ ਹੈ ਅਸੀਂ ਉਸ ਦਾ ਵਿਰੋਧ ਕਰਦੇ ਹਾਂ।

ਸਿਰਫ਼ ਦਲਿਤ ਵਰਗ ਦੇ ਸੰਦਰਭ ਵਿੱਚ ਗੱਲ ਕਰਦਿਆਂ ਮੇਰਾ ਮਕਸਦ ਇਸ ਗੱਲ ਦੀ ਚਰਚਾ ਛੇੜਨਾ ਹੈ ਕਿ ਇਹ ਸੋਚਿਆ ਜਾਣਾ ਚਾਹੀਦਾ ਹੈ ਕਿ ਇਸ ਸਮੱਸਿਆ ਦਾ ਹੱਲ ਵਧੀਆ ਢੰਗ ਨਾਲ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ। ਕੁਝ ਸਿਆਸਤਦਾਨਾਂ ਅਨੁਸਾਰ, ਇਸ ਸਵਾਲ ਦੇ ਹੱਲ ਲਈ ਕੁਝ ਉਪਾਅ ਕਰਨੇ ਪੈਣਗੇ ਅਤੇ ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਚੁੱਕੇ ਗਏ ਉਪਾਵਾਂ ਨੂੰ ਸਵੈ- ਸ਼ਾਸਨ ਵਾਲੇ ਭਾਰਤ ਦੇ ਸੰਵਿਧਾਨ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਰਾਜਨੀਤੀ ਦੇ ਇਹ ਮਾਹਰ ਜੋ ਮਹਾਂ-ਯੁੱਧ ਤੋਂ ਬਾਅਦ ਹੋਂਦ ਵਿੱਚ ਆਏ ਅਤੇ ਮੇਰੇ ਭਾਸ਼ਣ ਦੇ ਪਹਿਲੇ ਭਾਗ ਵਿੱਚ ਜ਼ਿਕਰ ਕੀਤਾ ਗਿਆ ਹੈ, ਉਨ੍ਹਾਂ ਕੌਮਾਂ ਨਾਲ ਵਾਪਰੀਆਂ ਘਟਨਾਵਾਂ ਦਾ ਅਧਿਐਨ ਕਰਕੇ ਕੋਈ ਰਾਹ ਲੱਭਣ ਦੀ ਕੋਸ਼ਿਸ਼ ਕਰਨੀ ਵੀ ਸੁਭਾਵਕ ਹੈ। ਕਿਉਂਕਿ ਭਾਰਤ ਦੀ ਸਥਿਤੀ ਵੀ ਇਨ੍ਹਾਂ ਕੌਮਾਂ ਵਰਗੀ ਹੀ ਹੈ। ਇਹਨਾਂ ਦੇਸ਼ਾਂ ਵਿੱਚ ਘੱਟ ਗਿਣਤੀਆਂ ਦੀ ਸੁਰੱਖਿਆ ਸੰਵਿਧਾਨਕ ਕਾਨੂੰਨ ਦੁਆਰਾ ਪ੍ਰਦਾਨ ਕੀਤੀ ਗਈ ਹੈ ਅਤੇ ਇਸਨੂੰ ਘੱਟ ਗਿਣਤੀਆਂ ਦੇ ਬੁਨਿਆਦੀ ਅਧਿਕਾਰ ਕਿਹਾ ਗਿਆ ਹੈ। ਨਹਿਰੂ ਕਮੇਟੀ ਨੇ ਵੀ ਆਪਣੀ ਰਿਪੋਰਟ ਵਿੱਚ ਇਸ ਸਕੀਮ ਨੂੰ ਦਲਿਤ ਵਰਗ ਲਈ ਸੁਰੱਖਿਆ ਪ੍ਰਣਾਲੀ ਵਜੋਂ ਮਾਨਤਾ ਦਿੱਤੀ ਹੈ।

ਪਰ ਮੈਂ ਤੁਹਾਨੂੰ ਚੇਤਾਵਨੀ ਦੇਣਾ ਚਾਹੁੰਦਾ ਹਾਂ ਕਿ ਤੁਸੀਂ ਇਸ ਕਿਸਮ ਦੀ ਸਕੀਮ ਦੁਆਰਾ ਠੱਗੇ ਜਾਓਗੇ। ਭਾਰਤ ਦੇ ਸਿਆਸਤਦਾਨਾਂ ਨੂੰ ਸੰਵਿਧਾਨ ਦੀ ਮੌਲਿਕ ਅਧਿਕਾਰਾਂ ਵਜੋਂ ਜਾਣੀ ਜਾਂਦੀ ਧਾਰਾ ਵਿੱਚ ਬਹੁਤ ਵਿਸ਼ਵਾਸ ਹੈ ਅਤੇ ਜਿਸ ਤਰ੍ਹਾਂ ਉਹ ਅੰਗਰੇਜ਼ਾਂ ਦੇ ਹਮਲੇ ਦੇ ਵਿਰੋਧ ਵਿੱਚ ਆਪਣੇ ਲਈ ਇਹਨਾਂ ਮੌਲਿਕ ਅਧਿਕਾਰਾਂ ਦੀ ਮੰਗ ਕਰ ਰਹੇ ਹਨ, ਉਸੇ ਤਰ੍ਹਾਂ ਉਹ ਆਪਣੇ ਵਰਗ ਅੱਤਿਆਚਾਰਾਂ ਵਿਰੁੱਧ ਘੱਟ ਗਿਣਤੀਆਂ ਦੇ ਲੋਕਾਂ ਨੂੰ ਅਧਿਕਾਰਾਂ ਨੂੰ ਸਮਾਨ ਅਧਿਕਾਰ ਦੇਣ ਦੀ ਮੰਗ ਕਰ ਰਹੇ ਹਨ।

ਪਰ ਸਾਨੂੰ ਆਪਣੀ ਸੁਰੱਖਿਆ ਲਈ ਅਜਿਹੇ ਪ੍ਰਬੰਧਾਂ ਨਾਲ ਯੋਜਨਾਵਾਂ ਦੀ ਨਿੰਦਾ ਕਰਨੀ ਚਾਹੀਦੀ ਹੈ। ਅਜਿਹੀਆਂ ਸਕੀਮਾਂ ਸ਼ਾਇਦ ਸਵਾਗਤਯੋਗ ਜਾਪਦੀਆਂ ਹਨ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੌਲਿਕ ਅਧਿਕਾਰਾਂ ਦੇ ਸੰਦਰਭ ਵਿੱਚ ਦਿੱਤਾ ਗਿਆ ਕੋਈ ਵੀ ਵਿਸ਼ਵਾਸ, ਭਾਵੇਂ ਉਹ ਕਿੰਨਾ ਵੀ ਵਿਸ਼ਾਲ ਕਿਉਂ ਨਾ ਹੋਵੇ, ਖੋਜ ਦੇ ਦ੍ਰਿਸ਼ਟੀਕੋਣ ਤੋਂ ਇਸ ਦੇ ਅਰਥ ਅਤੇ ਵਿਆਖਿਆ ਕਿੰਨੀ ਵੀ ਸਪੱਸ਼ਟ ਕਿਉਂ ਨਾ ਹੋਵੇ, ਉਸ ਦੇ ਆਨੰਦ ਦੀ ਗਾਰੰਟੀ ਨਹੀਂ ਦੇ ਸਕਦੀ। ਉਹਨਾਂ ਅਧਿਕਾਰਾਂ ਦਾ ਸਿਰਫ਼ ਐਲਾਨ ਕਰਨ ਨਾਲ ਕੁਝ ਨਹੀਂ ਹੁੰਦਾ।

ਜੇਕਰ ਮੌਲਿਕ ਅਧਿਕਾਰ ਖੋਹ ਲਏ ਜਾਂਦੇ ਹਨ ਜਾਂ ਉਹਨਾਂ ਦੀ ਉਲੰਘਣਾ ਹੁੰਦੀ ਹੈ, ਤਾਂ ਇਹ ਨਹੀਂ ਕਿਹਾ ਜਾ ਸਕਦਾ ਕਿ ਇਸਦੇ ਵਿਰੁੱਧ ਠੋਸ ਕਦਮ ਚੁੱਕਣ ਦੀ ਪ੍ਰਣਾਲੀ ਅਤੇ ਵਿਵਸਥਾਵਾਂ ਤੋਂ ਬਿਨਾਂ, ਜਾਂ ਇਹ ਯਕੀਨੀ ਬਣਾਉਣ ਲਈ ਕਿ ਉਹਨਾਂ ਨੂੰ ਖੋਹਿਆ ਨਾ ਜਾਵੇ, ਅਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਬੁਨਿਆਦੀ ਅਧਿਕਾਰ ਸੁਰੱਖਿਅਤ ਹਨ। ਜਾਂ ਇਸ ਤਰ੍ਹਾਂ ਰਹਿਣ ਦੇ ਯੋਗ ਹੋ ਜਾਵੇਗਾ। 1914 ਦੇ ਮਹਾਂ-ਯੁੱਧ ਤੋਂ ਬਾਅਦ ਪੈਦਾ ਹੋਏ ਅਤੇ ਜਿਨ੍ਹਾਂ ਦਾ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਉਨ੍ਹਾਂ ਦੇਸ਼ਾਂ ਦੇ ਸੰਵਿਧਾਨਾਂ ਵਿੱਚ ਅਜਿਹੀ ਯੋਜਨਾ ਬਣਾਈ ਗਈ ਹੈ ਕਿ ਜੇਕਰ ਘੱਟ ਗਿਣਤੀਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਦਾ ਘਾਣ ਕੀਤਾ ਗਿਆ ਹੈ ਜਾਂ ਬਹੁਮਤ ਸੱਤਾਧਾਰੀਆਂ ਦੁਆਰਾ ਉਨ੍ਹਾਂ ਅਧਿਕਾਰਾਂ ਦੀ ਉਲੰਘਣਾ ਕੀਤੀ ਗਈ ਹੈ। ਇਸ ਲਈ ਉਹ ਰਾਸ਼ਟਰ ਸੰਘ ਨੂੰ ਸ਼ਿਕਾਇਤ ਕਰ ਸਕਦੇ ਹਨ। ਲੀਗ ਆਫ਼ ਨੇਸ਼ਨਜ਼ ਵਿੱਚ ਇਸ ਕੰਮ ਲਈ ਇੱਕ ਕਮੇਟੀ ਨਿਯੁਕਤ ਕੀਤੀ ਗਈ ਹੈ, ਜੋ ਧਿਆਨ ਨਾਲ ਵਿਚਾਰ ਕਰਨ ਤੋਂ ਬਾਅਦ ਅਜਿਹੀਆਂ ਅਪੀਲਾਂ 'ਤੇ ਫੈਸਲਾ ਕਰਦੀ ਹੈ। ਕੀ ਨਹਿਰੂ ਕਮੇਟੀ ਦੀ ਰਿਪੋਰਟ ਵਿੱਚ ਮੌਲਿਕ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਕਿਸੇ ਉਪਾਅ ਲਈ ਕੋਈ ਵਿਵਸਥਾ ਹੈ? ਮੈਂ ਦੇਖਿਆ ਹੈ ਉਸ ਰਿਪੋਰਟ ਵਿੱਚ ਅਜਿਹਾ ਕੋਈ ਉਪਾਅ ਨਹੀਂ । ਇਸ ਲਈ ਨਹਿਰੂ ਕਮੇਟੀ ਵੱਲੋਂ ਸੁਰੱਖਿਆ ਉਪਾਵਾਂ ਦੀ ਗਾਰੰਟੀ ਸਿਰਫ਼ ਇੱਕ ਧੋਖਾ ਹੈ।

8. ਭਾਵੇਂ ਲੀਗ ਆਫ਼ ਨੇਸ਼ਨਜ਼ ਨੂੰ ਅਪੀਲ ਕਰਨ ਲਈ ਨਹਿਰੂ ਯੋਜਨਾ ਵਿੱਚ ਕੋਈ ਵਿਵਸਥਾ ਸੀ, ਫਿਰ ਵੀ ਮੈਂ ਤੁਹਾਨੂੰ ਇਸ ਯੋਜਨਾ ਨੂੰ ਸਵੀਕਾਰ ਨਾ ਕਰਨ ਦੀ ਸਲਾਹ ਦੇਵਾਂਗਾ। ਗਵਰਨਰ, ਵਾਇਸਰਾਏ ਜਾਂ ਲੀਗ ਆਫ਼ ਨੇਸ਼ਨਜ਼ ਨੂੰ ਅਪੀਲ ਕਰਨ ਦੇ ਅਧਿਕਾਰ ਦਾ ਮਤਲਬ ਦਲਿਤ ਵਰਗ ਦੇ ਅਸਲੇ ਵਿਚ ਵਾਧਾ ਹੈ ਅਤੇ ਇਸ ਤੋਂ ਉਮੀਦ ਕੀਤੀ ਜਾਣੀ ਚਾਹੀਦੀ ਹੈ। ਪਰ ਇਹ ਹਥਿਆਰ ਵੀ ਕਾਰਗਰ ਸਾਬਤ ਨਹੀਂ ਹੋ ਸਕਦਾ। ਤੁਹਾਡੇ ਹਿੱਤਾਂ ਦੀ ਰੱਖਿਆ ਦੀ ਸਭ ਤੋਂ ਵਧੀਆ ਗਾਰੰਟੀ ਉਦੋਂ ਹੀ ਮਿਲ ਸਕਦੀ ਹੈ ਜਦੋਂ, ਸ਼ਕਤੀ ਤੁਹਾਡੇ ਹੱਥਾਂ ਵਿੱਚ ਆਉਂਦੀ ਹੈ। ਕਿਉਂਕਿ ਇਸ ਕਾਰਨ ਤੁਸੀਂ ਉਨ੍ਹਾਂ ਲੋਕਾਂ ਨੂੰ ਸਜ਼ਾ ਦੇ ਸਕਦੇ ਹੋ ਜੋ ਤੁਹਾਡੇ ਹਿੱਤਾਂ ਲਈ ਨੁਕਸਾਨਦੇਹ ਕੰਮ ਕਰਦੇ ਹਨ। ਇੰਨਾ ਹੀ ਨਹੀਂ ਭਵਿੱਖ ਵਿੱਚ ਕਿਸੇ ਵੀ ਸੰਭਾਵੀ ਹਾਨੀਕਾਰਕ ਗਤੀਵਿਧੀਆਂ ਨੂੰ ਰੋਕਣ ਲਈ ਵੀ ਠੋਸ ਪ੍ਰਬੰਧ ਕੀਤੇ ਜਾ ਸਕਦੇ ਹਨ। ਕਿਸੇ ਤੀਜੇ ਵਿਅਕਤੀ ਦੇ ਹੱਥਾਂ ਵਿੱਚ

“ਇਕੁਐਲਿਟੀ ਐਂਡ ਜਸਟਿਸ”
"Equality and Justice"
ਸਵਤੰਤਰਤਾ, ਸਮਾਨਤਾ, ਭਾਈਚਾਰਾ

ਇਹ ਸ਼ਕਤੀ ਦੇ ਕੇ ਇਸਦਾ ਹੱਲ ਨਹੀਂ ਕੀਤਾ ਜਾ ਸਕਦਾ, ਭਾਵੇਂ ਉਹ ਗਵਰਨਰ, ਵਾਇਸਰਾਏ ਜਾਂ ਲੀਗ ਆਫ਼ ਨੇਸ਼ਨਜ਼ ਹੋਵੇ।

ਜਿਸ ਵਿਅਕਤੀ ਦੇ ਹੱਥਾਂ ਵਿੱਚ ਅਸੀਂ ਇਹ ਅਧਿਕਾਰ ਸੌਂਪਦੇ ਹਾਂ, ਜੇਕਰ ਉਹ ਦਖਲ ਦੇਣ ਅਤੇ ਵਿੱਚ ਬਚਾਅ ਤੋਂ ਇਨਕਾਰ ਕਰ ਦਿੰਦਾ ਹੈ, ਤਾਂ ਸਾਨੂੰ ਇਸ ਅਧਿਕਾਰ ਦਾ ਕੀ ਫਾਇਦਾ ਹੋਵੇਗਾ? ਮੈਨੂੰ ਜਾਪਦਾ ਹੈ ਕਿ ਸਾਡੇ ਹਿੱਤਾਂ ਦੀ ਰਾਖੀ ਲਈ ਇਕੋ ਇਕ ਪ੍ਰਭਾਵਸ਼ਾਲੀ ਹੱਲ ਭਵਿੱਖ ਦੇ ਸਵੈ-ਸ਼ਾਸਨ ਵਾਲੇ ਭਾਰਤ ਦੀ ਕਾਰਜਕਾਰੀ ਸੰਸਥਾ ਨੂੰ ਹਾਸਲ ਕਰਨਾ ਹੋਵੇਗਾ। ਇਹ ਦੇਸ਼ ਦੀ ਵਿਧਾਨ ਸਭਾ ਵਿੱਚ ਪ੍ਰਤੀਨਿਧਤਾ ਹਾਸਲ ਕਰਕੇ ਹੀ ਸੰਭਵ ਹੋ ਸਕਦਾ ਹੈ। ਇਸ ਦੀ ਮਦਦ ਨਾਲ ਹੀ ਅਸੀਂ ਸੱਤਾ 'ਚ ਬੈਠੇ ਲੋਕਾਂ ਦੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਸਕਦੇ ਹਾਂ।

ਜੇਕਰ ਤੁਹਾਨੂੰ ਕੋਈ ਹੋਰ ਸੁਰੱਖਿਆ ਉਪਾਅ ਅਤੇ ਗਾਰੰਟੀ ਮਿਲ ਰਹੀ ਹੈ, ਤਾਂ ਉਹਨਾਂ ਨੂੰ ਵੀ ਲਓ। ਇਹ ਤੁਹਾਡੀ ਸੁਰੱਖਿਆ ਦੇ ਸਾਧਨਾਂ ਨੂੰ ਵਧਾਏਗਾ। ਪਰ ਨਿਰਪੱਖ ਪ੍ਰਤੀਨਿਧਤਾ ਦੇ ਬਦਲੇ ਕਿਸੇ ਵੀ ਚੀਜ਼ ਲਈ ਸੈਟਲ ਨਾ ਕਰੋ। ਅਤੇ ਜੇਕਰ ਤੁਹਾਨੂੰ ਨਿਸ਼ਚਿਤ ਨੁਮਾਇੰਦਗੀ ਦਿੱਤੇ ਬਿਨਾਂ ਮੌਜੂਦਾ ਸੰਵਿਧਾਨ ਵਿੱਚ ਤਬਦੀਲੀਆਂ ਲਿਆਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਇਸਨੂੰ ਰੱਦ ਕਰਨਾ ਅਤੇ ਸਵੀਕਾਰ ਨਾ ਕਰਨਾ ਤੁਹਾਡੇ ਅਧਿਕਾਰ ਵਿੱਚ ਹੈ।

9. “ਸਥਿਰ ਪ੍ਰਤੀਨਿਧਤਾ” ਸ਼ਬਦ ਅੱਜ ਹਰ ਘੱਟ ਗਿਣਤੀ ਕਬੀਲੇ ਦੇ ਮੂੰਹੋਂ ਸੁਣਿਆ ਜਾਂਦਾ ਹੈ। ਇਸ ਮਾਮਲੇ ਵਿੱਚ ਸਹੀ ਅੰਕੜੇ ਦੇਣਾ ਬਹੁਤ ਮੁਸ਼ਕਲ ਹੈ, ਇਸ ਲਈ ਇਹ ਹਾਸੇ ਅਤੇ ਮੁਜ਼ਾਕ ਦਾ ਵਿਸ਼ਾ ਬਣ ਗਿਆ ਹੈ। ਇਸ ਲਈ, ਜੇਕਰ ਤੁਸੀਂ ਆਪਣੀਆਂ ਮੰਗਾਂ ਨੂੰ ਅੱਗੇ ਰੱਖਣਾ ਹੈ, ਤਾਂ ਸਾਨੂੰ ਉਸ ਸ਼ਬਦ ਦੇ ਨਿਸ਼ਚਿਤ ਅਰਥ ਠੋਸ ਅੰਕਾਂ ਅਤੇ ਅੰਕੜਿਆਂ ਦੇ ਰੂਪ ਵਿੱਚ ਤਿਆਰ ਕਰਨੇ ਪੈਣਗੇ। ਕਾਂਗਰਸ ਦੇ ਖੇਮੇ ਵਿੱਚ ਪ੍ਰਚਲਿਤ ਰਾਇ ਅਨੁਸਾਰ ਲੋੜੀਂਦੀ ਨੁਮਾਇੰਦਗੀ ਦਾ ਮਤਲਬ ਆਬਾਦੀ ਦੇ ਅਨੁਪਾਤ ਵਿੱਚ ਪ੍ਰਤੀਨਿਧਤਾ ਲਿਆ ਜਾਂਦਾ ਹੈ।

ਮੇਰੀ ਰਾਏ ਵਿੱਚ, ਇਹ ਪੂਰੀ ਤਰ੍ਹਾਂ ਇੱਕ ਗਣਿਤਿਕ ਸੋਚ ਹੈ, ਘੱਟ ਗਿਣਤੀ ਪ੍ਰਤੀਨਿਧਤਾ ਦੇ ਸਬੰਧ ਵਿੱਚ ਇੱਕ ਅਪੂਰਣ ਅਤੇ ਮੂਰਖਤਾ ਭਰੀ ਕਲਪਨਾ ਹੈ। ਇਹ ਉਦਾਰਵਾਦ ਦੀ ਭਾਵਨਾ ਦਾ ਪ੍ਰਤੀਕਰਮ ਹੈ ਜੋ ਭਾਰਤ ਦੀ ਬਹੁਗਿਣਤੀ ਘੱਟ ਗਿਣਤੀਆਂ ਪ੍ਰਤੀ ਹੈ। ਇਨ੍ਹਾਂ ਘੱਟ-ਗਿਣਤੀਆਂ ਕੋਲ ਉਹ ਸ਼ਕਤੀ ਹੈ ਜੋ ਉਹ ਆਪਣੇ ਜਾਤੀ-ਭਰਾਵਾਂ ਅਤੇ ਸਮਾਜਿਕ ਰੁਤਬੇ ਤੋਂ ਪ੍ਰਾਪਤ ਕਰ ਸਕਦੇ ਹਨ, ਪਰ ਇਹ ਬਹੁਤ ਘੱਟ ਹੈ, ਨੂੰ ਮਹਿਸੂਸ ਕਰਦੇ ਹੋਏ, ਇਹ ਜਾਤੀਆਂ ਆਪਣੀ ਸੁਰੱਖਿਆ ਲਈ ਇਸ ਵਿੱਚ ਵਾਧੇ ਦੀ ਮੰਗ ਕਰ ਰਹੀਆਂ ਹਨ।

ਪ੍ਰਤੀਨਿਧਤਾ ਵਿੱਚ ਅਜਿਹੇ ਵਾਧੇ ਤੋਂ ਬਿਨਾਂ, ਉਹ ਮਹਿਸੂਸ ਨਹੀਂ ਕਰਦੇ ਕਿ ਉਹ ਸਰਕਾਰੀ ਸ਼ਕਤੀ ਨਾਲ ਸ਼ਕਤੀਸ਼ਾਲੀ ਬਹੁਗਿਣਤੀ ਦਾ ਸਾਹਮਣਾ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹਨ। ਇਸ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਜਾਪਦਾ ਹੈ ਕਿ ਘੱਟ ਗਿਣਤੀਆਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਮਿਲਣ ਵਾਲੀਆਂ ਸੀਟਾਂ ਦੀ ਗਿਣਤੀ ਵਧਾ ਕੇ ਹੀ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਜੇਕਰ ਇਹ ਸੱਚ ਹੈ ਤਾਂ ਕੋਈ ਪੁੱਛ ਸਕਦਾ ਹੈ ਕਿ ਜੇਕਰ ਘੱਟ ਗਿਣਤੀ ਕਬੀਲਿਆਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਪ੍ਰਤੀਨਿਧਤਾ ਸੀਟਾਂ ਦਿੱਤੀਆਂ ਜਾਣ ਤਾਂ ਉਨ੍ਹਾਂ ਦੀ ਸੁਰੱਖਿਆ ਦੇ ਪੂਰੇ ਪ੍ਰਬੰਧ ਹੋਣਗੇ ਇਹ ਕਿਵੇਂ ਵਿਸ਼ਵਾਸ ਕੀਤਾ ਜਾ ਸਕਦਾ ਹੈ? ਘੱਟ-ਗਿਣਤੀਆਂ ਦੀ ਸੁਰੱਖਿਆ ਦੀ ਭਾਸ਼ਾ ਵਰਤਣਾ ਅਤੇ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਹੀ ਉਨ੍ਹਾਂ ਦੀ ਨੁਮਾਇੰਦਗੀ ਕਰਨਾ, ਇਹ ਦੋਵੇਂ ਗੱਲਾਂ ਆਪਾ ਵਿਰੋਧੀ ਹਨ। ਵਿਧਾਨ ਸਭਾ ਵਿੱਚ ਘੱਟ ਗਿਣਤੀਆਂ ਦੀ ਨੁਮਾਇੰਦਗੀ ਨੂੰ ਉਸ ਅਨੁਪਾਤ ਵਿੱਚ ਨਿਸ਼ਚਿਤ ਕਰਨ ਦਾ ਮਤਲਬ ਹੈ ਕਿ ਅੱਜ ਸਮਾਜ ਵਿੱਚ ਜੋ ਸਥਿਤੀ ਬਣੀ ਹੋਈ ਹੈ, ਉਸ ਦੀ ਇੱਕ ਛੋਟੀ ਜਿਹੀ ਪ੍ਰਤੀਰੂਪ ਸੰਸਦ ਵਿੱਚ ਵੀ ਬਣਾਉਣੀ ਪਵੇਗੀ। ਅਜਿਹੀ ਯੋਜਨਾ ਨਾਲ ਸਮਾਜ ਦੀ ਮਜ਼ਬੂਤੀ ਬਣੀ ਰਹਿੰਦੀ ਹੈ ਅਤੇ ਸੰਤੁਲਨ ਬਣਿਆ ਰਹਿੰਦਾ ਹੈ। ਇਹ ਸਮਾਜ ਦੀ ਮੌਜੂਦਾ ਸਥਿਤੀ ਨੂੰ ਕਾਇਮ ਰੱਖਦਾ ਹੈ।

ਇਸ ਲਈ ਜੇਕਰ ਘੱਟ-ਗਿਣਤੀਆਂ ਦੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਸੁਧਾਰਾਂ ਨੂੰ ਸਹੀ ਢੰਗ ਨਾਲ ਲਿਆਉਣਾ ਹੈ, ਤਾਂ ਸਮਾਜਿਕ ਤਬਦੀਲੀਆਂ ਨੂੰ ਸਮਾਜਿਕ ਸ਼ਕਤੀਆਂ ਦੇ ਸੰਤੁਲਨ ਵਿੱਚ ਘੱਟ ਗਿਣਤੀਆਂ ਲਈ ਸੁਵਿਧਾਜਨਕ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦਾ ਪਲੜਾ ਬਹੁਸੰਖਿਅਕਾਂ ਵੱਲ ਨਹੀ ਝੁਕਣਾ ਚਾਹੀਦਾ। ਬਹੁਗਿਣਤੀ ਦੇ ਅਨੁਪਾਤ ਵਿੱਚ ਇੱਕ ਵਾਧੂ ਪੈਮਾਨੇ ਦੀ ਤਰ੍ਹਾਂ ਇਹ ਘੱਟ ਗਿਣਤੀਆਂ ਨੂੰ ਸੀਟਾਂ ਦੇ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

# ਭਾਰੀ ਬਾਰਿਸ਼ਾਂ ਅਤੇ ਹੜ੍ਹ ਕਾਰਨ ਨੁਕਸਾਨੇ ਗਏ ਮਕਾਨਾਂ ਦੀ ਉਸਾਰੀ ਅਤੇ ਮੁਰੰਮਤ ਲਈ ਮੁਆਵਜ਼ਾ ਦਿੱਤਾ ਜਾਵੇ - ਬਲਦੇਵ ਭਾਰਤੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 94636 01616
hardipchumber57@gmail.com

ਨ ਵਾਂ ਸ਼ ਹਿ ਰ / ਰਾ ਹੋਂ (ਸਤਨਾਮ ਸਿੰਘ ਸਹੂੰਗੜਾ) ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਕਨਵੀਨਰ ਬਲਦੇਵ ਭਾਰਤੀ ਨੇ ਦੱਸਿਆ ਕਿ ਪੰਜਾਬ ਵਿੱਚ ਪਿਛਲੇ 2 ਹਫ਼ਤੇ ਤੋਂ ਲਗਾਤਾਰ ਪੈ ਰਹੀਆਂ ਬਾਰਿਸ਼ਾਂ ਨੇ ਬੇਜ਼ਮੀਨੇ ਗਰੀਬ ਮਜ਼ਦੂਰਾਂ ਦੇ ਮਾੜੇ ਮੋਟੇ ਕੱਚੇ ਰੈਣ-ਬਸੇਰਿਆਂ ਦਾ ਬਹੁਤ ਨੁਕਸਾਨ ਕੀਤਾ ਹੈ। ਉਨ੍ਹਾਂ ਦੇ ਸ਼ਤੀਰੀਆਂ ਬਾਲਿਆਂ ਦੇ ਬਣੇ ਪੁਰਾਣੇ ਖਸਤਾ ਹੋ ਚੁੱਕੇ ਮਾੜੇ ਮੋਟੇ ਮਕਾਨ ਵੀ ਹੁਣ ਰਹਿਣ



ਯੋਗ ਨਹੀਂ ਰਹੇ। ਲਗਾਤਾਰ ਪਈ ਬਾਰਿਸ਼ ਨੇ ਇਨ੍ਹਾਂ ਮਕਾਨਾਂ ਨੂੰ ਛੱਤਾਂ ਤੋਂ ਲੈ ਕੇ ਨੀਹਾਂ ਤੱਕ ਹਿਲਾ ਕੇ ਰੱਖ ਦਿੱਤਾ ਹੈ। ਇਨ੍ਹਾਂ ਬਾਰਿਸ਼ਾਂ ਵਿੱਚ ਬਹੁਤੇ ਪੱਕੇ ਲੈਂਟਰਾਂ ਵਾਲੇ ਮਕਾਨ ਵੀ ਚੋਂਦੇ ਰਹੇ ਹਨ। ਇਨ੍ਹਾਂ ਦੇ ਬਾਲੇ ਗਲ ਚੁੱਕੇ ਹਨ ਅਤੇ ਇੱਟਾਂ ਵਿੱਚੋਂ ਗਾਰਾ ਨਿਕਲ ਚੁੱਕਾ ਹੈ। ਬਹੁ ਗਿਣਤੀ ਗਰੀਬ ਲੋਕਾਂ ਦੇ ਬਿਨਾਂ ਖਿੜਕੀਆਂ ਅਤੇ ਦਰਵਾਜ਼ਿਆਂ ਤੋਂ ਨੀਵੀਂਆਂ ਛੱਤਾਂ ਵਾਲੇ ਤੰਗ ਮਕਾਨ ਤਾਂ ਪਹਿਲਾਂ ਹੀ ਲੋੜਾਂ ਮੁਤਾਬਕ ਨਹੀਂ ਸਨ। ਇਨ੍ਹਾਂ ਮਕਾਨਾਂ ਵਿੱਚ ਗਰੀਬ ਲੋਕ ਬੜੀ ਬਦਤਰ ਜ਼ਿੰਦਗੀ ਜੀਅ ਰਹੇ ਹਨ। ਬਹੁਤ ਸਾਰੇ ਗਰੀਬ ਲੋਕਾਂ ਦੇ ਮਕਾਨਾਂ ਵਿੱਚ ਦਰਾੜਾਂ ਪੈ ਗਈਆਂ ਹਨ ਅਤੇ ਕਈ ਘਰ ਢਹਿ ਚੁੱਕੇ ਹਨ। ਅਨੇਕਾਂ ਪ੍ਰੀਵਾਰਾਂ ਨੂੰ ਪਿਛਲੇ ਸਮੇਂ ਵਿੱਚ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਵੀ ਕੋਈ ਲਾਭ ਨਹੀਂ ਮਿਲ ਸਕਿਆ।ਬਲਦੇਵ ਭਾਰਤੀ ਨੇ ਪੰਜਾਬ ਸਰਕਾਰ ਪਾਸੋਂ ਪੁਰਜ਼ੋਰ ਮੰਗ ਕੀਤੀ ਕਿ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਸਰਵੇਖਣ ਕਰਵਾ ਕੇ ਅਜਿਹੇ ਲੋੜਵੰਦਾਂ ਲਈ ਬਾਰਿਸ਼ਾਂ ਅਤੇ ਹੜ੍ਹਾਂ ਕਾਰਨ ਨੁਕਸਾਨੇ ਗਏ ਮਕਾਨਾਂ ਦੀ ਮੁੜ ਉਸਾਰੀ ਲਈ ਘੱਟੋ ਘੱਟ 3 ਲੱਖ ਰੁਪਏ ਅਤੇ ਮੁਰੰਮਤ ਕਰਨ ਲਈ ਘੱਟੋ ਘੱਟ ਇੱਕ ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ।

# ਨਗਰ ਸੁਧਾਰ ਟਰੱਸਟ ਦੀਆਂ ਜਾਇਦਾਦਾਂ 'ਤੇ ਨਾਜਾਇਜ਼ ਕਬਜ਼ਾ ਨਹੀਂ ਹੋਵੇਗਾ ਬਰਦਾਸ਼ਤ - ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 94636 01616
hardipchumber57@gmail.com

ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਾਲਾ ਨੇ ਸਪੱਸ਼ਟ ਕੀਤਾ ਹੈ ਕਿ ਟਰੱਸਟ ਦੀਆਂ ਜਾਇਦਾਦਾਂ 'ਤੇ ਕਿਸੇ ਵੀ ਤਰ੍ਹਾਂ ਦਾ ਗੈਰ-ਕਾਨੂੰਨੀ ਕਬਜ਼ਾ ਜਾਂ ਗੈਰ-ਕਾਨੂੰਨੀ ਉਸਾਰੀ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਸਾਰੇ ਮਾਮਲਿਆਂ ਵਿੱਚ ਸਖ਼ਤ ਕਾਰਵਾਈ ਕੀਤੀ



ਜਾਵੇਗੀ ਅਤੇ ਕਬਜ਼ੇ ਹਟਾਏ ਜਾਣਗੇ। ਚੇਅਰਮੈਨ ਪਾਬਾਲਾ ਨੇ ਕਿਹਾ ਕਿ ਉਨ੍ਹਾਂ ਜਾਇਦਾਦਾਂ 'ਤੇ ਕੀਤੀਆਂ ਗਈਆਂ ਸਾਰੀਆਂ ਉਸਾਰੀਆਂ ਜਿਨ੍ਹਾਂ ਨੂੰ ਅਜੇ ਤੱਕ ਟਰੱਸਟ ਦਫ਼ਤਰ ਤੋਂ ਮਨਜ਼ੂਰੀ ਨਹੀਂ ਮਿਲੀ ਹੈ ਜਾਂ ਜੋ ਝਗੜੇ ਵਾਲੀ ਸਥਿਤੀ ਵਿੱਚ ਹਨ, ਨੂੰ ਗੈਰ-ਕਾਨੂੰਨੀ ਮੰਨਿਆ ਜਾਵੇਗਾ। ਟਰੱਸਟ ਦੇ ਅਧਿਕਾਰੀਆਂ ਨੂੰ ਹਦਾਇਤਾਂ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਨਗਰ ਸੁਧਾਰ ਟਰੱਸਟ ਦੀਆਂ ਸਕੀਮਾਂ ਵਿੱਚ ਮੌਜੂਦ ਸਾਰੇ ਗੈਰ-ਕਾਨੂੰਨੀ ਕਬਜ਼ਿਆਂ ਦੀ ਸੂਚੀ ਤੁਰੰਤ ਉਪਲਬੱਧ ਕਰਵਾਈ ਜਾਵੇ, ਤਾਂ ਜੋ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕੇ।ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਇਸ ਪੂਰੀ ਪ੍ਰਕਿਰਿਆ ਦੌਰਾਨ ਕਿਸੇ ਵੀ ਤਰ੍ਹਾਂ ਦਾ ਰਾਜਨੀਤਿਕ ਜਾਂ ਬਾਹਰੀ ਦਬਾਅ ਸਵੀਕਾਰ ਨਹੀਂ ਕੀਤਾ ਜਾਵੇਗਾ। ਪਾਬਲਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਵੈ-ਇੱਛਾ ਨਾਲ ਕਬਜ਼ੇ ਖਾਲੀ ਕਰਨ ਤਾਂ ਜੋ ਉਨ੍ਹਾਂ ਨੂੰ ਕੋਈ ਵਿੱਤੀ ਨੁਕਸਾਨ ਨਾ ਹੋਵੇ।ਚੇਅਰਮੈਨ ਪਾਬਲਾ ਨੇ ਦੱਸਿਆ ਕਿ ਅੱਜ ਟਰੱਸਟ ਦਫ਼ਤਰ ਵੱਲੋਂ ਸਕੀਮ ਨੰਬਰ-2, ਰਾਜੀਵ ਗਾਂਧੀ ਐਵੇਨਿਊ, ਹੁਸ਼ਿਆਰਪੁਰ ਵਿੱਚ ਨਾਜਾਇਜ਼ ਕਬਜ਼ੇ ਹਟਾਉਣ ਲਈ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਜਾਰੀ ਰਹੇਗੀ ਅਤੇ ਪ੍ਰਸ਼ਾਸਨ ਨਗਰ ਸੁਧਾਰ ਟਰੱਸਟ ਦੀਆਂ ਜ਼ਮੀਨਾਂ ਨੂੰ ਪੂਰੀ ਤਰ੍ਹਾਂ ਮੁਕਤ ਕਰਵਾਉਣ ਲਈ ਹਰ ਸੰਭਵ ਕਦਮ ਚੁੱਕੇਗਾ।

# "ਗੁਰੂ, ਉਸਤਾਦ, ਅਧਿਆਪਕ"

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 94636 01616
hardipchumber57@gmail.com

ਲੇਖਕ: ਰਮਨ ਬਰਗਾੜੀ,



ਜ਼ਿੰਦਗੀ ਦੇ ਰਾਹ ਦਿਖਾਉਂਦੇ ਨੇ,
ਮਾੜੇ ਰਾਹਾਂ ਤੋਂ ਬਚਾਉਂਦੇ ਨੇ।
ਚੰਗੇ ਰਾਹਾਂ ਲਈ ਹੌਂਸਲਾ ਵਧਾਉਂਦੇ ਨੇ,
ਗੁਰੂ, ਉਸਤਾਦ, ਅਧਿਆਪਕ ਤਿੰਨੇ ਜ਼ਿੰਦਗੀ ਦੇ ਰਾਹ
ਦਿਖਾਉਂਦੇ ਨੇ।

ਸੱਚ ਦਾ ਪਹਾੜਾ ਪੜਾਉਂਦੇ ਨੇ,
ਇਨਸਾਨੀਅਤ, ਹਮਦਰਦੀ, ਭਾਈਚਾਰਕ ਸਾਂਝ, ਜ਼ਿੰਦਗੀ
ਜਿਉਣ ਲਈ ਸਿਖਾਉਂਦੇ ਨੇ।
ਗੁਰੂ ਉਸਤਾਦ ਅਧਿਆਪਕ ਤਿੰਨੇ ਜ਼ਿੰਦਗੀ ਦੇ ਰਾਹ
ਦਿਖਾਉਂਦੇ ਨੇ।

ਕੁੱਲੀਆਂ ਤੋਂ ਲੈ ਕੇ ਮਹਿਲਾ ਤੱਕ ਦੇ,
ਸੁਪਨੇ ਪੂਰੇ ਕਰਾਉਂਦੇ ਨੇ।
ਹਰ ਗੁਰੂ, ਉਸਤਾਦ, ਅਧਿਆਪਕ ਚਾਹੁੰਦੇ,
ਕੀ ਉਸ ਦਾ ਪੜ੍ਹਾਇਆ ਬੱਚਾ ਕਰੇ ਦੁੱਗਣੀ ਤਰੱਕੀ,
ਬਸ ਇਹੀਓ ਖ਼ਾਬ ਸਜਾਉਂਦੇ ਨੇ,
ਗੁਰੂ,ਉਸਤਾਦ,ਅਧਿਆਪਕ ਤਿੰਨੇ.....

ਰਮਨ ਬਰਗਾੜੀ ਵਾਲੀ ਕਹਿੰਦੀ,
ਖੁਦ ਮੋਮਬੱਤੀ ਵਾਂਗੂੰ ਸੜ ਕੇ,
ਸਾਡੀ ਹਨੇਰੇ ਭਰੀ ਜ਼ਿੰਦਗੀ ਨੂੰ ਰੋਸ਼ਨ ਬਣਾਉਂਦੇ ਨੇ
ਗੁਰੂ, ਉਸਤਾਦ, ਅਧਿਆਪਕ ਤਿੰਨੇ ਜ਼ਿੰਦਗੀ ਦੇ ਰਾਹ
ਦਿਖਾਉਂਦੇ ਨੇ।

ਲੇਖਕ: ਰਮਨ ਬਰਗਾੜੀ,
ਪਿੰਡ ਬਰਗਾੜੀ,
ਜਿਲਾ ਫਰੀਦਕੋਟ।
ਪੇਸ਼ਕਸ਼ ਜਗਤਾਰ ਸਿੰਘ ਭੱਟੀ,ਪਟਿਆਲਾ।
8892956000

# ਵਿਰਸਾ ਸਾਂਭਣਾ ਹੈ ਤਾਂ ਵਿਰਸਾ ਆਪਣਾ ਲਓ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 94636 01616
hardipchumber57@gmail.com

ਸੱਚਾਈ ਇਹ ਹੈ ਕਿ ਜਿਹੜੀ ਵੀ ਚੀਜ਼ ਅਸੀਂ ਸਾਂਭਣੀ ਚਾਹੁੰਦੇ ਹਾਂ, ਉਸਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣਾ ਹੀ ਸਭ ਤੋਂ ਵਧੀਆ ਤਰੀਕਾ ਹੁੰਦਾ ਹੈ। ਬਹੁਤ ਵਾਰ ਅਸੀਂ ਕਹਿੰਦੇ ਹਾਂ ਕਿ ਸਾਡਾ ਵਿਰਸਾ ਸਾਂਭ ਕੇ ਰੱਖਿਆ ਹੋਇਆ ਹੈ, ਪਰ ਉਹ ਸਾਂਭਣਾ ਸਿਰਫ਼ ਗੱਲਾਂ ਤੱਕ ਹੀ ਸੀਮਿਤ ਰਹਿ ਜਾਂਦਾ ਹੈ। ਇੱਕ ਕਹਾਣੀ ਯਾਦ ਆਉਂਦੀ ਹੈ ਕਿ ਇੱਕ ਔਰਤ ਨੇ ਆਪਣੇ ਘਰ ਵਿੱਚ ਇਲੈਕਟ੍ਰਿਕ ਪੱਖਾ ਖਰੀਦ ਕੇ ਪੇਟੀ ਵਿੱਚ ਰੱਖ ਦਿੱਤਾ ਤੇ ਕਿਹਾ ਕਿ ਇਹ ਸਾਂਭਿਆ ਹੋਇਆ ਹੈ। ਪਰ ਕੁਝ ਸਾਲਾਂ ਬਾਅਦ ਜਦੋਂ ਪੇਟੀ ਖੋਲੀ ਗਈ ਤਾਂ ਪੱਖਾ ਜੰਗ ਖਾ ਗਿਆ ਸੀ, ਰੰਗ ਉੱਡ ਗਿਆ ਸੀ ਤੇ ਚੂਹਿਆਂ ਨੇ ਵੀ ਨੁਕਸਾਨ ਕਰ ਦਿੱਤਾ ਸੀ। ਜੇ ਉਹ ਪੱਖਾ ਵਰਤਿਆ ਜਾਂਦਾ, ਹਰ ਰੋਜ਼ ਸਾਹਮਣੇ ਰਹਿੰਦਾ ਤਾਂ ਉਹ ਸਲਾਮਤ ਵੀ ਰਹਿੰਦਾ ਤੇ ਲਾਭਕਾਰੀ ਵੀ। ਇਹੀ ਹਾਲ ਸਾਡੇ ਵਿਰਸੇ ਦਾ ਹੈ। ਅਸੀਂ ਉਸਨੂੰ ਗੱਲਾਂ-ਬਾਤਾਂ ਜਾਂ ਤਿਉਹਾਰਾਂ ਤੱਕ ਹੀ ਸੀਮਿਤ ਕਰ ਦਿੱਤਾ ਹੈ। ਜਦੋਂ ਕੋਈ ਮੇਲਾ ਜਾਂ ਵਿਸ਼ੇਸ਼ ਦਿਨ ਆਉਂਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਆਓ ਵਿਰਸਾ ਸਾਂਭੀਏ—ਪੰਜਾਬੀ ਸੂਟ ਪਾ ਲਈਏ, ਕੋਈ ਰਸਮੀ ਖੇਡ ਖੇਡ ਲਈਏ ਜਾਂ ਪੰਜਾਬੀ ਗਾਣੇ ਸੁਣ ਲਈਏ। ਪਰ ਜਦ ਤਕ ਵਿਰਸਾ ਸਿਰਫ਼ ਰਸਮ ਬਣ ਕੇ ਰਹੇਗਾ, ਉਹ ਸੱਚਮੁੱਚ ਨਹੀਂ ਸਾਂਭਿਆ ਜਾ ਸਕੇਗਾ।

ਵਿਰਸੇ ਨੂੰ ਜਿੰਦਾ ਰੱਖਣ ਦਾ ਅਸਲ ਤਰੀਕਾ ਇਹ ਹੈ ਕਿ ਅਸੀਂ ਉਸਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਈਏ। ਜੇ ਅਸੀਂ ਰੋਜ਼ਾਨਾ ਸਲਵਾਰ ਸੂਟ, ਪਰਾਂਦੇ, ਘੱਗਰੇ ਵਰਤਾਂਗੇ, ਜੇ ਘਰ ਵਿੱਚ ਪੰਜਾਬੀ ਬੋਲੀ ਦਾ ਹੀ ਮਾਹੌਲ ਬਣਾਵਾਂਗੇ ਤਾਂ ਵਿਰਸਾ ਆਪਣੇ ਆਪ ਸਾਡੇ ਨਾਲ ਜੁੜਿਆ ਰਹੇਗਾ। ਪੁਰਾਣੇ ਸਮਿਆਂ ਵਿੱਚ ਬੱਚਿਆਂ ਨੂੰ ਵਿਰਸੇ ਬਾਰੇ ਦੱਸਣ ਦੀ ਲੋੜ ਨਹੀਂ ਸੀ ਪੈਂਦੀ। ਉਹ ਖੇਤਾਂ ਵਿੱਚ ਮਾਂ-ਪਿਉ ਦੇ ਨਾਲ ਜਾਂਦੇ ਸੀ, ਆਪ ਵੇਖਦੇ ਸਨ ਕਿ ਖੇਤੀਬਾੜੀ ਕਿਵੇਂ ਹੁੰਦੀ ਹੈ, ਬੀਜ ਕਿਵੇਂ ਬੀਜੇ ਜਾਂਦੇ ਹਨ, ਮਿੱਟੀ ਨਾਲ ਰਿਸ਼ਤਾ ਕਿਵੇਂ ਬਣਦਾ ਹੈ। ਚਰਖਾ, ਮਧਾਣੀ, ਹੱਥੀ ਕਲ੍ਹਾਂ, ਇਹ ਸਭ ਕੁਝ ਉਹ ਆਪਣੇ ਅੱਖੀਂ ਵੇਖਦੇ ਤੇ ਵਰਤਦੇ ਸਨ। ਵਿਰਸਾ ਕਿਸੇ ਕਿਤਾਬ ਜਾਂ ਕਲਾਸ ਵਿੱਚ ਸਿੱਖਣ ਵਾਲੀ ਚੀਜ਼ ਨਹੀਂ ਸੀ, ਸਗੋਂ ਉਹ ਤਾਂ ਸਾਹ ਲੈਣ ਵਾਂਗ ਜੀਵਨ ਦਾ ਹਿੱਸਾ ਸੀ।

ਅੱਜਕੱਲ੍ਹ ਦੇ ਇਲੈਕਟ੍ਰਿਕਲ ਯੁੱਗ ਵਿੱਚ ਜਿੱਥੇ ਹਰ ਚੀਜ਼ ਦੀ ਮਸ਼ੀਨੀ ਸ਼ਕਲ ਬਣ ਗਈ ਹੈ, ਉਥੇ ਇਹ ਗੱਲ ਸਹੀ ਹੈ ਕਿ ਅਸੀਂ ਪੁਰਾਣੇ ਸਾਰੇ ਸੰਦ ਸਹੂਲਤ ਵਾਸਤੇ ਛੱਡ ਚੁੱਕੇ ਹਾਂ। ਪਰ ਇਸਦਾ ਮਤਲਬ ਇਹ ਨਹੀਂ ਕਿ ਅਸੀਂ ਉਹਨਾਂ ਨੂੰ ਭੁਲਾ ਦਈਏ। ਜੇ ਅਸੀਂ ਉਹਨਾਂ ਪੁਰਾਣੇ ਸੰਦਾਂ ਦੇ ਨਵੇਂ ਰੂਪ ਤਿਆਰ ਕਰੀਏ—ਜਿਵੇਂ ਮਧਾਣੀ ਦਾ ਮਾਡਰਨ ਡਿਜ਼ਾਈਨ, ਚਰਖੇ ਦੀ ਡਿਜ਼ੀਟਲ ਵਰਜ਼ਨ ਜਾਂ ਖੇਤੀਬਾੜੀ ਦੇ ਉਹ ਤਰੀਕੇ ਜੋ ਪੁਰਾਣੇ ਰਿਸ਼ਤੇ ਨੂੰ ਵੀ ਜਿਉਂਦਾ ਰੱਖਣ ਤੇ ਮਾਡਰਨ ਟੈਕਨਾਲੋਜੀ ਨਾਲ ਵੀ ਜੋੜਣ—ਤਾਂ ਅਸੀਂ ਵਿਰਸੇ ਨੂੰ ਨਾ ਸਿਰਫ਼ ਸਾਂਭ ਸਕਦੇ ਹਾਂ ਸਗੋਂ ਨਵੀਆਂ ਪੀੜੀਆਂ ਲਈ ਕਾਬਲ-ਏ-ਕਬੂਲ ਵੀ ਬਣਾ ਸਕਦੇ ਹਾਂ।



ਕੋਮਲਪ੍ਰੀਤ ਕੌਰ (ਨਿਜਾਤ ਕੌਰ)
B.A.B.Ed.5th sem
ਬਾਬਾ ਫਰੀਦ
ਕਾਲਜ ਆਫ ਐਜੂਕੇਸ਼ਨ ਦਿਉਣ

ਇਸ ਲਈ ਵਿਰਸੇ ਨੂੰ ਸੰਭਾਲਣ ਦਾ ਮਤਲਬ ਉਸਨੂੰ ਪੇਟੀਆਂ ਜਾਂ ਮਿਊਜ਼ੀਅਮਾਂ ਵਿੱਚ ਬੰਦ ਕਰਨਾ ਨਹੀਂ, ਸਗੋਂ ਉਸਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਜੀਣਾ ਹੈ। ਜਦੋਂ ਵਿਰਸਾ ਘਰਾਂ ਦੀਆਂ ਕੰਧਾਂ ਨਾਲ, ਬੱਚਿਆਂ ਦੇ ਖੇਡਾਂ ਨਾਲ, ਤੇ ਪਰਿਵਾਰ ਦੀਆਂ ਰਸਮਾਂ ਨਾਲ ਜੁੜਿਆ ਰਹੇਗਾ ਤਾਂ ਉਸਨੂੰ ਕੋਈ ਵੀ ਤਾਕਤ ਖ਼ਤਮ ਨਹੀਂ ਕਰ ਸਕਦੀ। ਵਿਰਸਾ ਸਾਂਭਣਾ ਹੈ ਤਾਂ ਵਿਰਸਾ ਆਪਣਾ ਲਓ—ਕਿਉਂਕਿ ਜਿਹੜੀ ਚੀਜ਼ ਅਸੀਂ ਆਪਣੀ ਸਾਹਾਂ ਤੇ ਜੀਵਨ ਨਾਲ ਜੋੜ ਲਈਏ, ਉਹ ਕਦੇ ਵੀ ਨਾ ਮਿਟਦੀ।

# ਬਹੁਤ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਨੂੰ ਛੱਡ ਕੇ ਬਸਪਾ ਵਿੱਚ ਸ਼ਾਮਲ ਹੋਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 09 ਸਤੰਬਰ
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ (ਚਰਨਜੀਤ ਸੱਲ੍ਹਾਂ ) ਅੱਜ ਦੀ ਮੀਟਿੰਗ ਸ੍ਰੀ ਗੁਰੂ ਰਵਿਦਾਸ ਧਾਮ ਬਸੀ ਖਵਾਜੂ ਹੁਸ਼ਿਆਰਪੁਰ ਵਿਖੇ ਸੈਕਟਰ ਪ੍ਰਧਾਨ ਵਿਜੇ ਬਧੱਨ ਤੇ ਵਿਧਾਨ ਸਭਾ ਹੁਸ਼ਿਆਰਪੁਰ ਦੇ ਕੈਸ਼ੀਅਰ ਡਾਕਟਰ ਸੁਖਦੇਵ ਲਾਲ ਜੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਹਾਜ਼ਰ ਹੋਏ। ਉਹਨਾਂ ਦੇ ਨਾਲ ਜ਼ਿਲ੍ਹਾ ਇਨਚਾਰਜ ਮਦਨ ਸਿੰਘ ਬੈਂਸ, ਬੀਬੀ ਮਹਿੰਦਰ ਕੌਰ ਭੱਟੀ, ਕ੍ਰਿਸ਼ਨਾ ਦੇਵੀ, ਰੇਨੂੰ ਲੱਧੜ ਵਿਧਾਨ ਸਭਾ ਦੇ ਪ੍ਰਧਾਨ ਸ੍ਰੀ ਸੁਰਜੀਤ ਮਹਿੰਮੀ ਵਾਈਸ ਪ੍ਰਧਾਨ ਸ੍ਰੀ ਕਿਸ਼ੋਰੀ ਲਾਲ ਸ੍ਰੀ ਰਾਜ ਕੁਮਾਰ ਸੁਮਿਤ ਕਲਸੀ ਮਨੋਜ਼ ਕੁਮਾਰ ਸੁਰਿੰਦਰ ਕੌਰ ਰੇਖਾ ਰਾਣੀ ਮਧੂ ਮਨੋਜ਼ ਲੱਕੀ, ਗੋਪਾਲ ਚਦਂ ਸੰਤੋਸ਼ ਮਲੱ ਤੇ ਹੋਰ ਮੁਹੱਲਾ ਨਿਵਾਸੀ ਹਾਜ਼ਰ ਸਨ। ਸ੍ਰੀ ਦਲਵੀਰ ਸਿੰਘ ਕਲਸੀ ਜੋ ਕਿ ਆਮ ਆਦਮੀ ਪਾਰਟੀ ਦੇ ਬਲੌਕ ਪ੍ਰਧਾਨ ਸਨ ਉਨ੍ਹਾਂ ਦੀ ਪਤਨੀ ਸ੍ਰੀਮਤੀ ਦਲਜੀਤ ਕੌਰ ਪੁੱਤਰੀ ਮਨਮੀਤ ਕੌਰ ਹਰਲੀਨ ਕੌਰ ਭਰਾ ਸ੍ਰੀ ਰਘੁਵੀਰ ਸਿੰਘ ਆਪਣੇ ਅਨੇਕਾਂ ਸਾਥੀਆਂ ਸਮੇਤ ਬਹੁਜਨ ਸਮਾਜ ਪਾਰਟੀ ਦੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅੱਜ ਬਹੁਜਨ ਸਮਾਜ ਪਾਰਟੀ ਜੁਆਇੰਨ ਕੀਤੀ ਜਿਹਨਾਂ ਨੂੰ ਠੇਕੇਦਾਰ ਭਗਵਾਨ ਦਾਸ ਸਿੱਧੂ ਜੀ ਨੇ ਉਨ੍ਹਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਤੇ ਜੀ ਆਇਆਂ ਆਖਿਆ ਅਤੇ ਕਿਹਾ ਕਿ ਕਿ ਸ੍ਰੀ ਦਲਵੀਰ ਸਿੰਘ ਕਲਸੀ ਜੀ ਦੇ ਜੁਆਇੰਨ ਕਰਨ ਤੇ ਹੋਰ ਬਲੱ ਮਿਲੇਗਾ ਜਿਸ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ। ਸ੍ਰੀ ਸਿੱਧੂ ਸਾਹਿਬ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਲੋਕ ਸਭਾ ਜਲੰਧਰ ਦੀ ਵਿਧਾਨ ਸਭਾ ਫ਼ਿਲੌਰ ਦੇ ਪਿੰਡ ਧਲੇਤਾ ਦੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਦੁਆਰਾ ਦੀ ਚਾਰ ਦੀਵਾਰੀ ਨੂੰ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਢੁਆਇਆ ਹੈ ਤੇ ਗੁਰੂ ਘਰ ਤੇ ਨਜਾਇਜ਼ ਕਬਜ਼ਾ ਕੀਤਾ ਗਿਆ ਹੈ ਉਨ੍ਹਾਂ ਨੇ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਸਰਦਾਰ ਅਵਤਾਰ ਸਿੰਘ ਜੀ ਕਰੀਮਪੁਰੀ ਸਾਹਿਬ ਜੀ ਵਲੋਂ ਚਲਾਈ ਗਈ ਪੰਜਾਬ ਸਭਾਲੋ ਮੁਹਿੰਮ ਦੇ ਤਹਿਤ ਸਰਕਾਰਾਂ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਖ਼ਿਲਾਫ਼ ਐਸ ਡੀ ਐਮ ਫ਼ਿਲੌਰ ਦੇ ਦਫ਼ਤੱਰ ਸਾਹਮਣੇ ਧਰਨਾ ਦਿੱਤਾ ਜਾ ਰਿਹਾ ਹੈ ਸੰਗਤ ਨੇ ਫ਼ਿਲੌਰ ਗੱਡੀ ਭਰ ਕੇ ਜਾਣ ਲਈ ਸਹਿਮਤੀ ਦਿੱਤੀ। ਇਸ ਮੌਕੇ ਤੇ ਮਦਨ ਸਿੰਘ ਬੈਂਸ ਸੁਰਜੀਤ ਮਹਿੰਮੀ ਮਹਿੰਦਰ ਕੌਰ ਭੱਟੀ ਬੀਬੀ ਕ੍ਰਿਸ਼ਨਾ ਦੇਵੀ ਰੇਨੂੰ ਲੱਧੜ ਸ੍ਰੀ ਵਰਿੰਦਰ ਬੰਧਣ ਨੇ ਵੀ ਆਪਣੇ ਆਪਣੇ ਸੰਗਤ ਨਾਲ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤੇ ਦਲਵੀਰ ਸਿੰਘ ਕਲਸੀ ਜੀ ਨੇ ਪਾਰਟੀ ਅਤਹਾਈਕਮਾਨ ਦਾ ਧੰਨਵਾਦ ਕੀਤਾ ਕੀਤਾ ਅਤੇ ਉਨ੍ਹਾਂ ਨੇ ਕਿਹਾ ਕਿ ਪਾਰਟੀ ਉਹਨਾਂ ਨੂੰ ਜਿਹੜੀ ਜੁਮੇਵਾਰੀ ਦੇਵੇਗੀ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਉਹਨਾਂ ਵਲੋਂ ਸਗੰਤ ਲਈ ਚਾਹ ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ ਅਖੀਰ ਵਿੱਚ ਸ੍ਰੀ ਸੁਖਦੇਵ ਲਾਲ ਜੀ ਵੱਲੋਂ ਆਈ ਸੰਗਤ ਅਤੇ ਲੀਡਰਸ਼ਿਪ ਦਾ ਧੰਨਵਾਦ ਕੀਤਾ ਗਿਆ । ਜੈ ਗੁਰੂਦੇਵ ਜੀ ਜੈ ਭੀਮ ਜੀ

"Equality and justice"
Patiala 09 September
INTERNATIONAL PAPER, 94636 01616
hardipchumber57@gmail.com

# ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਿਹਾ ਯੁੱਧ ਆਧੁਨਿਕ ਦੁਨੀਆ ਦੀਆਂ ਸਭ ਤੋਂ ਵੱਡੀਆਂ ਤਬਾਹੀਆਂ ਵਿੱਚੋਂ ਇੱਕ

ਗੁਰਬਿੰਦਰ ਗੁਰੀ
+44 7951 590424

## ਰੂਸ–ਯੂਕਰੇਨ ਯੁੱਧ : ਕਾਰਨ, ਨੁਕਸਾਨ ਤੇ ਵਿਸ਼ਵ ਦੀ ਸਥਿਤੀ

ਰੂਸ ਅਤੇ ਯੂਕਰੇਨ ਵਿਚਕਾਰ ਚੱਲ ਰਿਹਾ ਯੁੱਧ ਆਧੁਨਿਕ ਦੁਨੀਆ ਦੀਆਂ ਸਭ ਤੋਂ ਵੱਡੀਆਂ ਤਬਾਹੀਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਇਹ ਯੁੱਧ 24 ਫਰਵਰੀ 2022 ਨੂੰ ਸ਼ੁਰੂ ਹੋਇਆ, ਜਦੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਯੂਕਰੇਨ 'ਤੇ ਵੱਡੇ ਪੱਧਰ ਦੀ ਸੈਨਿਕ ਕਾਰਵਾਈ ਦਾ ਐਲਾਨ ਕੀਤਾ। ਰੂਸ ਨੇ ਇਸਨੂੰ "ਖਾਸ ਸੈਨਿਕ ਅਭਿਆਨ" ਕਿਹਾ, ਪਰ ਹਕੀਕਤ ਵਿੱਚ ਇਹ ਇੱਕ ਪੂਰੀ ਜੰਗ ਬਣ ਗਈ, ਜਿਸ ਦੇ ਪ੍ਰਭਾਵ ਸਿਰਫ਼ ਪੂਰਬੀ ਯੂਰਪ ਹੀ ਨਹੀਂ ਸਗੋਂ ਪੂਰੀ ਦੁਨੀਆ ਤੱਕ ਫੈਲ ਗਏ।

ਇਸ ਲੇਖ ਵਿੱਚ ਅਸੀਂ ਇਸ ਜੰਗ ਦੇ ਇਤਿਹਾਸਕ ਪਿਛੋਕੜ, ਕਾਰਨ, ਵੱਡੀਆਂ ਘਟਨਾਵਾਂ, ਜਾਨੀ ਤੇ ਮਾਲੀ ਨੁਕਸਾਨ, ਵਿਸ਼ਵ ਪੱਧਰ 'ਤੇ ਪ੍ਰਭਾਵ ਅਤੇ ਅਮਰੀਕਾ, ਯੂਰਪ, ਭਾਰਤ, ਚੀਨ ਅਤੇ ਇੰਗਲੈਂਡ ਦੀ ਸਥਿਤੀ ਨੂੰ ਵਿਸਥਾਰ ਨਾਲ ਸਮਝਾਂਗੇ।

### ਇਤਿਹਾਸਕ ਪਿਛੋਕੜ

**ਸੋਵੀਅਤ ਯੂਨੀਅਨ ਤੋਂ ਬਾਅਦ ਦਾ ਯੁੱਗ**

1991 ਵਿੱਚ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਯੂਕਰੇਨ ਇੱਕ ਆਜ਼ਾਦ ਦੇਸ਼ ਬਣਿਆ। ਯੂਕਰੇਨ ਦੇ ਕੋਲ ਖੇਤੀਬਾੜੀ ਦੇ ਵਿਸ਼ਾਲ ਖੇਤਰ, ਉਦਯੋਗ ਅਤੇ ਰਣਨੀਤਕ ਮਹੱਤਵ ਵਾਲੇ ਬੰਦਰਗਾਹ ਸਨ। ਰੂਸ ਲਈ ਯੂਕਰੇਨ ਸਿਰਫ਼ ਇੱਕ ਗੁਆਂਢੀ ਦੇਸ਼ ਹੀ ਨਹੀਂ, ਸਗੋਂ ਉਸਦੇ ਇਤਿਹਾਸਕ ਤੇ ਸੱਭਿਆਚਾਰਕ ਪ੍ਰਭਾਵ ਖੇਤਰ ਦਾ ਹਿੱਸਾ ਸੀ।

**2004 ਦੀ "ਆਰੇਂਜ ਰਿਵੋਲਿਊਸ਼ਨ"**

ਯੂਕਰੇਨ ਵਿੱਚ 2004 ਵਿੱਚ ਲੋਕਤੰਤਰਕ ਅੰਦੋਲਨ ਸ਼ੁਰੂ ਹੋਇਆ, ਜਿਸਨੂੰ "ਆਰੇਂਜ ਰਿਵੋਲਿਊਸ਼ਨ" ਕਿਹਾ ਗਿਆ। ਇਸ ਦੌਰਾਨ ਯੂਕਰੇਨ ਨੇ ਪੱਛਮ ਨਾਲ ਆਪਣੇ ਰਿਸ਼ਤੇ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ। ਰੂਸ ਨੂੰ ਇਹ ਗੱਲ ਪਸੰਦ ਨਹੀਂ ਸੀ।

**2014 : ਕ੍ਰਾਈਮੀਆ ਦਾ ਕਬਜ਼ਾ**

2014 ਵਿੱਚ ਰੂਸ ਨੇ ਯੂਕਰੇਨ ਦੇ ਇਲਾਕੇ ਕ੍ਰਾਈਮੀਆ 'ਤੇ ਕਬਜ਼ਾ ਕਰ ਲਿਆ। ਇਸਨੂੰ ਰੂਸ ਨੇ ਆਪਣੇ ਨਾਲ ਮਿਲਾ ਲਿਆ, ਪਰ ਸੰਯੁਕਤ ਰਾਸ਼ਟਰ ਅਤੇ ਜ਼ਿਆਦਾਤਰ ਦੇਸ਼ਾਂ ਨੇ ਇਸਨੂੰ ਸਵੀਕਾਰ ਨਹੀਂ ਕੀਤਾ। ਇਸ ਤੋਂ ਬਾਅਦ ਯੂਕਰੇਨ ਦੇ ਪੂਰਬੀ ਖੇਤਰਾਂ (ਡੋਨੇਟਸਕ ਅਤੇ ਲੁਹਾਂਸਕ) ਵਿੱਚ ਰੂਸ-ਹਮਾਇਤੀ ਵਿਛੋੜਵਾਦੀਆਂ ਦੀ ਗਤੀਵਿਧੀਆਂ ਵਧੀਆਂ।

### ਯੁੱਧ ਦੇ ਮੁੱਖ ਕਾਰਨ

**1. ਨਾਟੋ ਦੀ ਮੈਂਬਰਸ਼ਿਪ ਦਾ ਡਰ**

ਯੂਕਰੇਨ ਦੀ ਕੋਸ਼ਿਸ਼ ਸੀ ਕਿ ਉਹ ਨਾਟੋ (North Atlantic Treaty Organization) ਦਾ ਮੈਂਬਰ ਬਣੇ। ਰੂਸ ਨੂੰ ਲੱਗਦਾ ਸੀ ਕਿ ਜੇ ਇਹ ਹੋਇਆ ਤਾਂ ਨਾਟੋ ਦੇ ਹਥਿਆਰ ਉਸਦੀ ਸੀਮਾ 'ਤੇ ਆ ਜਾਣਗੇ, ਜੋ ਰਾਸ਼ਟਰੀ ਸੁਰੱਖਿਆ ਲਈ ਖਤਰਾ ਹੈ।

**2. ਪੱਛਮ ਨਾਲ ਯੂਕਰੇਨ ਦੇ ਰਿਸ਼ਤੇ**

ਯੂਕਰੇਨ ਨੇ ਯੂਰਪੀ ਯੂਨੀਅਨ ਨਾਲ ਵਪਾਰਕ ਤੇ ਰਾਜਨੀਤਿਕ ਸਮਝੌਤੇ ਕੀਤੇ। ਰੂਸ ਹਮੇਸ਼ਾਂ ਚਾਹੁੰਦਾ ਸੀ ਕਿ ਯੂਕਰੇਨ ਉਸਦੇ ਪ੍ਰਭਾਵ ਖੇਤਰ ਵਿੱਚ ਰਹੇ।

**3. ਆਰਥਿਕ ਹਿੱਤ**

ਯੂਕਰੇਨ ਰੂਸੀ ਗੈਸ ਤੇ ਤੇਲ ਨੂੰ ਯੂਰਪ ਤੱਕ ਪਹੁੰਚਾਉਣ ਦਾ ਮੁੱਖ ਰਸਤਾ ਹੈ। ਜੇ ਯੂਕਰੇਨ ਪੱਛਮ ਦੇ ਕਾਬੂ ਵਿੱਚ ਆ ਜਾਂਦਾ, ਤਾਂ ਰੂਸ ਦੀ ਆਰਥਿਕਤਾ ਤੇ ਪ੍ਰਭਾਵ ਪੈਂਦਾ।

**4. ਕ੍ਰਾਈਮੀਆ ਅਤੇ ਡੋਨਬਾਸ ਖੇਤਰ**

ਰੂਸ ਆਪਣੇ ਪ੍ਰਭਾਵ ਵਾਲੇ ਇਲਾਕਿਆਂ 'ਤੇ ਕਾਬੂ ਬਣਾਈ ਰੱਖਣਾ ਚਾਹੁੰਦਾ ਸੀ। ਕ੍ਰਾਈਮੀਆ ਉਸ ਲਈ ਰਣਨੀਤਕ ਤੌਰ 'ਤੇ ਮਹੱਤਵਪੂਰਨ ਸੀ, ਕਿਉਂਕਿ ਉੱਥੇ ਉਸਦਾ ਨੇਵੀ ਅੱਡਾ ਹੈ।



### ਯੁੱਧ ਦੀਆਂ ਵੱਡੀਆਂ ਘਟਨਾਵਾਂ (2022–2025)

ਫਰਵਰੀ 2022 : ਰੂਸ ਨੇ ਯੂਕਰੇਨ 'ਤੇ ਹਮਲਾ ਕੀਤਾ। ਕੀਵ, ਖਾਰਕੀਵ, ਮਾਰੀਉਪੋਲ ਵਰਗੇ ਸ਼ਹਿਰਾਂ 'ਤੇ ਭਾਰੀ ਬੰਬਾਰੀ ਹੋਈ।

2022 ਦੇ ਮੱਧ ਤੱਕ : ਯੂਕਰੇਨ ਨੇ ਅਮਰੀਕਾ ਅਤੇ ਯੂਰਪੀ ਦੇਸ਼ਾਂ ਦੀ ਮਦਦ ਨਾਲ ਕੁਝ ਖੇਤਰਾਂ 'ਚ ਪ੍ਰਤੀਹਮਲੇ ਕੀਤੇ।

2023 : ਬਾਖਮੁਤ ਵਰਗੇ ਸ਼ਹਿਰਾਂ ਵਿੱਚ ਭਿਆਨਕ ਜੰਗ ਹੋਈ।

2024 : ਰੂਸ ਨੇ ਪੂਰਬੀ ਖੇਤਰਾਂ 'ਤੇ ਆਪਣਾ ਕਾਬੂ ਵਧਾਇਆ। ਯੂਕਰੇਨ ਨੂੰ ਹਥਿਆਰਾਂ ਦੀ ਹੋਰ ਸਪਲਾਈ ਹੋਈ।

2025 : ਜੰਗ ਜਾਰੀ ਹੈ। ਸ਼ਾਂਤੀ ਵਾਰਤਾਵਾਂ ਹੋਈਆਂ, ਪਰ ਕੋਈ ਵੱਡੀ ਪ੍ਰਗਤੀ ਨਹੀਂ ਹੋਈ।

### ਜਾਨੀ ਨੁਕਸਾਨ

**ਯੂਕਰੇਨ**

ਲੱਖਾਂ ਲੋਕ ਬੇਘਰ ਹੋਏ।

ਹਜ਼ਾਰਾਂ ਨਾਗਰਿਕ, ਜਿਸ ਵਿੱਚ ਬੱਚੇ, ਔਰਤਾਂ ਤੇ ਬਜ਼ੁਰਗ ਵੀ ਸ਼ਾਮਲ ਹਨ, ਮਾਰੇ ਗਏ।

ਫੌਜੀ ਹਾਨੀ ਵੀ ਕਾਫ਼ੀ ਵੱਡੀ ਹੋਈ।

**ਰੂਸ**

ਦਸਾਂ ਹਜ਼ਾਰਾਂ ਸਿਪਾਹੀ ਮਾਰੇ ਗਏ।

ਨਾਗਰਿਕ ਵੀ ਹਮਲਿਆਂ ਵਿੱਚ ਜਾਨ ਗੁਆ ਬੈਠੇ।

### ਮਾਲੀ ਨੁਕਸਾਨ

**1. ਯੂਕਰੇਨ**

ਸ਼ਹਿਰਾਂ ਦੇ ਹਸਪਤਾਲ, ਸਕੂਲ, ਸੜਕਾਂ, ਪੁਲ ਨਸ਼ਟ ਹੋ ਗਏ।

ਖੇਤੀਬਾੜੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ।

ਲਗਭਗ ਸੈਂਕੜੇ ਅਰਬ ਡਾਲਰ ਦਾ ਨੁਕਸਾਨ।

**2. ਰੂਸ**

ਅਮਰੀਕਾ ਅਤੇ ਯੂਰਪ ਦੀਆਂ ਪਾਬੰਦੀਆਂ ਕਾਰਨ ਰੁਬਲ ਦੀ ਕੀਮਤ ਡਿੱਗੀ।

ਬਹੁਰਾਸ਼ਟਰੀ ਕੰਪਨੀਆਂ ਨੇ ਰੂਸ ਛੱਡਿਆ।

ਆਰਥਿਕ ਵਿਕਾਸ ਦੀ ਗਤੀ ਘਟ ਗਈ।

### ਵਿਸ਼ਵ ਪੱਧਰ 'ਤੇ ਪ੍ਰਭਾਵ

1. ਤੇਲ ਤੇ ਗੈਸ : ਯੂਰਪ ਰੂਸੀ ਗੈਸ 'ਤੇ ਨਿਰਭਰ ਸੀ। ਜੰਗ ਕਾਰਨ ਸਪਲਾਈ ਘੱਟ ਹੋਈ, ਕੀਮਤਾਂ ਵੱਧੀਆਂ।

2. ਅਨਾਜ ਸੰਕਟ : ਯੂਕਰੇਨ "ਯੂਰਪ ਦਾ ਅਨਾਜ ਘਰ" ਹੈ। ਜੰਗ ਕਾਰਨ ਅਫ਼ਰੀਕਾ ਤੇ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਖੁਰਾਕ ਦੀ ਕਮੀ ਹੋਈ।

3. ਅਰਥਵਿਵਸਥਾ : ਮਹਿੰਗਾਈ ਵਧੀ, ਸ਼ੇਅਰ ਬਾਜ਼ਾਰਾਂ 'ਚ ਅਸਥਿਰਤਾ ਆਈ।

### ਯੂਰਪੀ ਦੇਸ਼ਾਂ ਦੀ ਭੂਮਿਕਾ

ਜਰਮਨੀ : ਯੂਕਰੇਨ ਨੂੰ ਹਥਿਆਰ ਦਿੱਤੇ ਅਤੇ ਸ਼ਰਨਾਰਥੀਆਂ ਨੂੰ ਸਵੀਕਾਰਿਆ।

ਫਰਾਂਸ : ਰਾਜਨੀਤਿਕ ਮਦਦ ਨਾਲ ਨਾਲ ਮਨੁੱਖੀ ਸਹਾਇਤਾ ਦਿੱਤੀ।

ਪੋਲੈਂਡ : ਲੱਖਾਂ ਯੂਕਰੇਨੀ ਸ਼ਰਨਾਰਥੀਆਂ ਨੂੰ ਆਪਣੀ ਧਰਤੀ 'ਤੇ ਜਗ੍ਹਾ ਦਿੱਤੀ।

ਹੋਰ ਯੂਰਪੀ ਦੇਸ਼ : ਆਰਥਿਕ ਪਾਬੰਦੀਆਂ ਲਗਾਈਆਂ ਅਤੇ ਯੂਕਰੇਨ ਦੀ ਸਹਾਇਤਾ ਕੀਤੀ।

### ਅਮਰੀਕਾ ਦੀ ਭੂਮਿਕਾ

ਅਮਰੀਕਾ ਨੇ ਯੂਕਰੇਨ ਨੂੰ ਬਿਲੀਅਨ ਡਾਲਰ ਦੀ ਸੈਨਿਕ ਮਦਦ ਦਿੱਤੀ।

ਰੂਸ 'ਤੇ ਕੜੀਆਂ ਪਾਬੰਦੀਆਂ ਲਗਾਈਆਂ।

ਰਾਜਨੀਤਿਕ ਤੌਰ 'ਤੇ ਯੂਕਰੇਨ ਦਾ ਸਭ ਤੋਂ ਵੱਡਾ ਹਮਾਇਤੀ ਬਣਿਆ।

### ਭਾਰਤ ਦੀ ਸਥਿਤੀ

ਭਾਰਤ ਨੇ ਨਿਰਪੱਖ ਰੁਖ ਅਪਣਾਇਆ।

ਸੰਯੁਕਤ ਰਾਸ਼ਟਰ ਵਿੱਚ ਕਈ ਵਾਰ ਵੋਟਿੰਗ ਤੋਂ ਪਰਹੇਜ਼ ਕੀਤਾ।

"ਆਪਰੇਸ਼ਨ ਗੰਗਾ" ਰਾਹੀਂ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਨੂੰ ਵਾਪਸ ਲਿਆਂਦਾ।

ਰੂਸ ਤੋਂ ਸਸਤੇ ਭਾਅ 'ਤੇ ਤੇਲ ਖਰੀਦਣਾ ਜਾਰੀ ਰੱਖਿਆ।

### ਚੀਨ ਦੀ ਸਥਿਤੀ

ਚੀਨ ਨੇ ਰੂਸ ਦੀ ਖੁੱਲ੍ਹੀ ਹਮਾਇਤ ਨਹੀਂ ਕੀਤੀ, ਪਰ ਵਿਰੋਧ ਵੀ ਨਹੀਂ ਕੀਤਾ।

ਰੂਸ ਨਾਲ ਵਪਾਰ ਵਧਾਇਆ।

ਆਪਣੇ ਆਪ ਨੂੰ ਸ਼ਾਂਤੀਕਰਤਾ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

### ਇੰਗਲੈਂਡ ਦੀ ਸਥਿਤੀ

ਯੂਕਰੇਨ ਨੂੰ ਭਾਰੀ ਹਥਿਆਰ, ਟੈਂਕ ਅਤੇ ਡਰੋਨ ਦਿੱਤੇ।

ਰੂਸ 'ਤੇ ਪਾਬੰਦੀਆਂ ਲਗਾਈਆਂ।

ਯੂਰਪੀ ਯੂਨੀਅਨ ਨਾਲ ਮਿਲ ਕੇ ਯੂਕਰੇਨ ਦੀ ਸਹਾਇਤਾ ਕੀਤੀ।

### ਸ਼ਾਂਤੀ ਵਾਰਤਾਵਾਂ

ਤੁਰਕੀ ਅਤੇ ਬੇਲਾਰੂਸ ਵਿੱਚ ਕੁਝ ਵਾਰਤਾਵਾਂ ਹੋਈਆਂ।

ਪਰ ਦੋਹਾਂ ਪਾਸਿਆਂ ਦੀਆਂ ਸ਼ਰਤਾਂ ਮਿਲੀਆਂ ਨਹੀਂ।

ਜੰਗ ਅਜੇ ਵੀ ਜਾਰੀ ਹੈ।

ਭਵਿੱਖ ਦੇ ਸੰਭਾਵੀ ਨਤੀਜੇ

ਜੇ ਜੰਗ ਲੰਮੀ ਚੱਲਦੀ ਰਹੀ ਤਾਂ ਯੂਕਰੇਨ ਦੇ ਬਹੁਤ ਸਾਰੇ ਖੇਤਰ ਰਹਿਣ ਯੋਗ ਨਹੀਂ ਰਹਿ ਜਾਣਗੇ।

ਵਿਸ਼ਵ ਅਰਥਵਿਵਸਥਾ ਵਿੱਚ ਹੋਰ ਗਿਰਾਵਟ ਆ ਸਕਦੀ ਹੈ।

ਰੂਸ ਤੇ ਪੱਛਮ ਵਿਚਕਾਰ ਟਕਰਾਅ ਹੋਰ ਵਧ ਸਕਦਾ ਹੈ।

ਨਾਟੋ ਤੇ ਰੂਸ ਵਿਚਕਾਰ ਸਿੱਧੀ ਜੰਗ ਦਾ ਖਤਰਾ ਵੀ ਰਹੇਗਾ।

ਰੂਸ–ਯੂਕਰੇਨ ਯੁੱਧ ਨੇ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਬੇਹੱਦ ਦੁੱਖ ਦਿੱਤਾ ਹੈ। ਲੱਖਾਂ ਲੋਕਾਂ ਦੀ ਜ਼ਿੰਦਗੀ ਤਬਾਹ ਹੋ ਗਈ, ਸ਼ਹਿਰ ਖੰਡਰ ਬਣ ਗਏ, ਅਰਥਵਿਵਸਥਾ ਤਬਾਹ ਹੋ ਗਈ। ਵਿਸ਼ਵ ਪੱਧਰ 'ਤੇ ਇਹ ਯੁੱਧ ਮਹਿੰਗਾਈ, ਅਨਾਜ ਦੀ ਕਮੀ ਅਤੇ ਊਰਜਾ ਸੰਕਟ ਦਾ ਕਾਰਨ ਬਣਿਆ।

ਇਹ ਜੰਗ ਸਿਰਫ਼ ਸੈਨਿਕ ਤਾਕਤ ਨਾਲ ਨਹੀਂ ਖਤਮ ਹੋ ਸਕਦੀ। ਇਸਦਾ ਹੱਲ ਸਿਰਫ਼ ਰਾਜਨੀਤਿਕ ਵਾਰਤਾਵਾਂ ਅਤੇ ਸਮਝੌਤਿਆਂ ਰਾਹੀਂ ਹੀ ਨਿਕਲ ਸਕਦਾ ਹੈ। ਸੰਸਾਰ ਨੂੰ ਚਾਹੀਦਾ ਹੈ ਕਿ ਉਹ ਸ਼ਾਂਤੀ ਦੇ ਯਤਨਾਂ ਨੂੰ ਤਰਜੀਹ ਦੇਵੇ, ਕਿਉਂਕਿ ਜੰਗ ਕਿਸੇ ਲਈ ਵੀ ਹੱਲ ਨਹੀਂ, ਸਗੋਂ ਹੋਰ ਤਬਾਹੀ ਦਾ ਰਾਹ ਹੈ।

ਗੁਰਬਿੰਦਰ ਗੁਰੀ
+44 7951 590424

# ਹੜ੍ਹ ਪ੍ਰਭਾਵਿਤ ਖੇਤਰਾਂ ਲਈ 33 ਨਵੇਂ ਮੈਡੀਕਲ ਅਫ਼ਸਰ ਕੀਤੇ ਨਿਯੁਕਤ

"Equality and justice"
Patiala 09 September
INTERNATIONAL PAPER, 94636 01616
hardipchumber57@gmail.com



ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਲਈ ਵੱਖ ਵੱਖ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਵਿੱਚ ਕੁਝ ਇਲਾਕਿਆਂ ਵਿੱਚ ਆਏ ਹੜ੍ਹਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਡਾਕਟਰ ਬਲਬੀਰ ਸਿੰਘ ਮਾਨਯੋਗ ਸਿਹਤ ਮੰਤਰੀ ਪੰਜਾਬ ਦੇ ਹੁਕਮਾਂ ਅਨੁਸਾਰ ਜਿਲ੍ਹਾ ਫਾਜ਼ਿਲਕਾ ਵਿੱਚ ਨਵੇਂ ਮੈਡੀਕਲ ਅਫ਼ਸਰਾਂ (ਜਨਰਲ) ਦੀ ਤੈਨਾਤੀ ਕੀਤੀ ਗਈ ਹੈ। ਡਾਕਟਰ ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ ਦੀ ਨਿਗਰਾਨੀ ਵਿੱਚ ਹੁਣ ਤੱਕ 33 ਨਵੇਂ ਮੈਡੀਕਲ ਅਫ਼ਸਰਾਂ ਨੇ ਆਪਣੀ ਡਿਊਟੀ ਤੇ ਹਾਜ਼ਰ ਹੋ ਗਏ ਹਨ। ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਇਹ ਸਾਰੇ ਡਾਕਟਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਡਿਊਟੀ ਕਰਨਗੇ।

ਡਾਕਟਰ ਰੋਹਿਤ ਗੋਇਲ ਨੇ ਦੱਸਿਆ ਕਿ ਇਹਨਾਂ 33 ਡਾਕਟਰਾਂ ਦੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਕੰਮ ਕਰ ਰਹੀਆਂ ਮੈਡੀਕਲ ਟੀਮਾਂ ਅਤੇ ਰਾਹਤ ਕੈਂਪਾਂ ਵਿੱਚ ਡਿਊਟੀ ਲਗਾ ਦਿੱਤੀ ਗਈ ਹੈ। ਸਿਵਲ ਸਰਜਨ ਫਾਜ਼ਿਲਕਾ ਨੇ ਨਵ ਨਿਯੁਕਤ ਮੈਡੀਕਲ ਅਫ਼ਸਰਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਆਪਣੀ ਪਹਿਲੀ ਸੇਵਾ ਤਨ ਮਨ ਨਾਲ ਕਰਨ ਲਈ ਉਤਸ਼ਾਹਿਤ ਕੀਤਾ। ਇਨ੍ਹਾਂ ਮੈਡੀਕਲ ਅਫ਼ਸਰਾਂ ਨੇ ਵੀ ਪ੍ਰਸ਼ਾਸਨ ਅਤੇ ਸਿਵਲ ਸਰਜਨ ਫਾਜ਼ਿਲਕਾ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਕਰਨ ਦਾ ਵਿਸ਼ਵਾਸ਼ ਦਿਵਾਇਆ।

ਇਸ ਸਮੇਂ ਵਿਨੋਦ ਖੁਰਾਣਾ ਜਿਲ੍ਹਾ ਮਾਸ ਮੀਡੀਆ ਅਫ਼ਸਰ, ਦਿਵੇਸ਼ ਕੁਮਾਰ ਬਲਾਕ ਐਕਸਟੈਂਸ਼ਨ ਐਜੂਕੇਟਰ, ਮੋਹਿਤ ਕੁਮਾਰ ਮੌਜੂਦ ਸਨ।

# ਲੁਧਿਆਣਾ ਪੁਲਿਸ ਵੱਲੋਂ ਆਟੋ ਗੈਂਗ ਦੇ 2 ਮੁਲਜ਼ਮ ਕਾਬੂ, 3 ਮੋਬਾਈਲ ਫੋਨ ਬਰਾਮਦ

"Equality and justice"
Patiala 09 September
INTERNATIONAL PAPER, 94636 01616
hardipchumber57@gmail.com



ਕਮਿਸ਼ਨਰ ਪੁਲਿਸ ਲੁਧਿਆਣਾ ਸਵਪਨ ਸ਼ਰਮਾ IPS ਜੀ ਅਤੇ ਡਿਪਟੀ ਕਮਿਸ਼ਨਰ ਪੁਲਿਸ ਸਿਟੀ/ਰੂਰਲ ਲੁਧਿਆਣਾ ਰੁਪਿੰਦਰ ਸਿੰਘ IPS ਜੀ ਦੇ ਦਿਸ਼ਾ-ਨਿਰਦੇਸ਼ਾ ਹੇਠ ਕਮਿਸ਼ਨਰੇਟ ਪੁਲਿਸ ਲੁਧਿਆਣਾ ਦੇ ਥਾਣਾ ਸਲੇਮ ਟਾਬਰੀ ਦੀ ਟੀਮ ਨੇ ਆਟੋ ਗੈਂਗ ਦੇ 02 ਦੋਸ਼ੀ ਕਾਬੂ ਕਰਕੇ 03 ਮੋਬਾਈਲ ਫੋਨ ਬਰਾਮਦ ਕੀਤੇ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਵਧੀਕ ਡਿਪਟੀ ਕਮਿਸ਼ਨਰ ਪੁਲਿਸ ਜੋਨ-1 ਸਮੀਰ ਵਰਮਾ PPS ਅਤੇ ਵਧੀਕ ਡਿਪਟੀ ਕਮਿਸ਼ਨਰ ਪੁਲਿਸ ਸਬ ਡਵੀਜਨ ਉੱਤਰੀ ਲੁਧਿਆਣਾ ਦਵਿੰਦਰ ਕੁਮਾਰ PPS ਜੀ ਨੇ ਦੱਸਿਆ ਕਿ, ਇੰਸਪੈਕਟਰ ਅਮ੍ਰਿਤਪਾਲ ਸਿੰਘ ਗਰੇਵਾਲ ਮੁੱਖ ਅਫਸਰ ਥਾਣਾ ਸਲੇਮ ਟਾਬਰੀ ਦੀ ਅਗਵਾਈ ਹੇਠ ਸਬ-ਇੰਸਪੈਕਟਰ ਸੁਖਵਿੰਦਰ ਸਿੰਘ ਇੰਚਾਰਜ ਚੌਂਕੀ ਐਲਡੀਕੋ ਲੁਧਿਆਣਾ ਦੀ ਟੀਮ ਨੇ ਵਿਸ਼ੇਸ਼ ਮੁਹਿੰਮ ਦੌਰਾਨ ਆਟੋ ਵਿੱਚ ਸਵਾਰੀਆਂ ਨੂੰ ਬਿਠਾ ਕੇ ਰਸਤੇ ਵਿੱਚ ਖੋਹ ਕਰਨ ਵਾਲੇ ਆਟੋ ਗੈਂਗ ਦੇ 02 ਦੋਸ਼ੀਆਂ ਮੋਹਿਤ ਉਰਫ ਮਨੂੰ ਅਤੇ ਡਿੰਪਲ ਮੱਕੜ ਉਰਫ ਬੰਟੀ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 03 ਮੋਬਾਇਲ ਫੋਨ ਬਰਾਮਦ ਕੀਤੇ ਹਨ, ਜਦਕਿ ਉਨ੍ਹਾਂ ਦੇ ਸਾਥੀ ਸ਼ੁਭਮ ਉਰਫ ਗੋਸਟ ਦੀ ਭਾਲ ਜਾਰੀ ਹੈ। ਜਿਨਾਂ ਦੇ ਖਿਲਾਫ ਥਾਣਾ ਸਲੇਮ ਟਾਬਰੀ ਵਿੱਚ ਮੁਕੱਦਮਾ ਨੰਬਰ 166 ਮਿਤੀ 08-9-25 ਅ/ਧ 304, 3(5) BNS ਤਹਿਤ ਦਰਜ ਕੀਤਾ। ਜਿਸ ਤੋਂ ਬਾਅਦ ਵਾਧਾ ਜੁਰਮ 317(2) ਹੋਇਆ। ਦੋਸ਼ੀ ਮੋਹਿਤ ਉਰਫ ਮਨੂ ਦੇ ਖਿਲਾਫ ਪਹਿਲਾ ਵੀ ਤਿੰਨ ਚੋਰੀ ਦੇ ਮੁਕੱਦਮੇ ਵੱਖ ਵੱਖ ਥਾਣਿਆਂ ਵਿੱਚ ਦਰਜ ਹਨ। ਦੋਨੇ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਕੀਤੀ ਜਾਵੇਗੀ ਤਾਂ ਜੋ ਹੋਰ ਵਾਰਦਾਤਾਂ ਅਤੇ ਫਰਾਰ ਦੋਸ਼ੀ ਬਾਰੇ ਪਤਾ ਲੱਗ ਸਕੇ।

# 10 ਸਤੰਬਰ: ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ



ਐਡਵੋਕੇਟ ਕੁਲਦੀਪ ਚੰਦ ਦੋਭੇਟਾ

ਆਤਮ-ਹੱਤਿਆ ਇੱਕ ਵੱਡੀ ਸਮੱਸਿਆ ਹੈ ਜਿਸਦੇ ਕਈ ਸਮਾਜਿਕ, ਭਾਵਨਾਤਮਕ ਅਤੇ ਆਰਥਿਕ ਨਤੀਜੇ ਹਨ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਦੁਨੀਆ ਭਰ ਵਿੱਚ ਪ੍ਰਤੀ ਸਾਲ ਲੱਗਭੱਗ 720000 ਤੋਂ ਵੱਧ ਖੁਦਕੁਸ਼ੀਆਂ ਹੁੰਦੀਆਂ ਹਨ। ਖੁਦਕੁਸ਼ੀ ਇੱਕ ਮਹੱਤਵਪੂਰਨ ਮੁੱਦਾ ਹੈ ਜੋ ਦੁਨੀਆ ਵਿੱਚ ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਸਾਲ ਦੁਨੀਆ ਭਰ ਵਿੱਚ ਲੋਕ ਅਤੇ ਸੰਗਠਨ ''ਖੁਦਕੁਸ਼ੀ ਤੇ ਬਿਰਤਾਂਤ ਬਦਲਣਾ'' ਦੇ ਤਿੰਨ ਸਾਲਾ ਥੀਮ ਅਨੁਸਾਰ ਵਿਸ਼ਵ ਖੁਦਕੁਸ਼ੀ ਰੋਕਥਾਮ ਦਿਵਸ ਮਨਾਉਣ ਲਈ ਇੱਕਜੁੱਟ ਹੋਣਗੇ। ਖੁਦਕੁਸ਼ੀ ਬਾਰੇ ਬਿਰਤਾਂਤ ਨੂੰ ਬਦਲਣਾ ਇਸ ਗੁੰਝਲਦਾਰ ਮੁੱਦੇ ਨੂੰ ਸਮਝਣ ਦੇ ਤਰੀਕੇ ਨੂੰ ਬਦਲਣ ਬਾਰੇ ਹੈ। ਇਹ ਚੁੱਪ ਅਤੇ ਸਮਝ ਦੀ ਘਾਟ ਦੇ ਸੱਭਿਆਚਾਰ ਤੋਂ ਖੁੱਲ੍ਹੇਪਣ, ਹਮਦਰਦੀ ਅਤੇ ਸਮਰਥਨ ਵੱਲ ਬਦਲਣ ਬਾਰੇ ਹੈ। ਖੁਦਕੁਸ਼ੀ ਬਾਰੇ ਬਿਰਤਾਂਤ ਨੂੰ ਬਦਲਣ ਦਾ ਉਦੇਸ਼ ਵਿਅਕਤੀਆਂ, ਭਾਈਚਾਰਿਆਂ, ਸੰਗਠਨਾਂ ਅਤੇ ਸਰਕਾਰਾਂ ਨੂੰ ਖੁਦਕੁਸ਼ੀ ਅਤੇ ਖੁਦਕੁਸ਼ੀ ਵਿਵਹਾਰ ਬਾਰੇ ਖੁੱਲ੍ਹੀ ਅਤੇ ਇਮਾਨਦਾਰ ਚਰਚਾ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕਰਨਾ ਹੈ। ਇਹਨਾਂ ਮਹੱਤਵਪੂਰਨ ਗੱਲਬਾਤਾਂ ਨੂੰ ਸ਼ੁਰੂ ਕਰਕੇ ਅਸੀਂ ਰੁਕਾਵਟਾਂ ਨੂੰ ਤੋੜ ਸਕਦੇ ਹਾਂ, ਜਾਗਰੂਕਤਾ ਪੈਦਾ ਕਰ ਸਕਦੇ ਹਾਂ ਅਤੇ ਸਮਝ ਅਤੇ ਸਮੱਰਥਨ ਦੇ ਬਿਹਤਰ ਸੱਭਿਆਚਾਰ ਬਣਾ ਸਕਦੇ ਹਾਂ। ਬਿਰਤਾਂਤ ਨੂੰ ਬਦਲਣ ਲਈ ਪ੍ਰਣਾਲੀਗਤ ਤਬਦੀਲੀ ਦੀ ਲੋੜ ਹੈ ਇਸਦਾ ਅਰਥ ਹੈ ਬਹੁ-ਖੇਤਰੀ ਨੀਤੀਆਂ ਦੀ ਵਕਾਲਤ ਕਰਨਾ ਜੋ ਮਾਨਸਿਕ ਸਿਹਤ ਨੂੰ ਤਰਜੀਹ ਦਿੰਦੀਆਂ ਹਨ, ਦੇਖਭਾਲ ਤੱਕ ਪਹੁੰਚ ਵਧਾਉਂਦੀਆਂ ਹਨ ਅਤੇ ਲੋੜਵੰਦਾਂ ਲਈ ਸਹਾਇਤਾ ਪ੍ਰਦਾਨ ਕਰਦੀਆਂ ਹਨ। ਇਸਦਾ ਅਰਥ ਹੈ ਖੁਦਕੁਸ਼ੀ ਦੀਆਂ ਜਟਿਲਤਾਵਾਂ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਸਬੂਤ-ਅਧਾਰਤ ਦਖਲਅੰਦਾਜ਼ੀ ਵਿਕਸਿਤ ਕਰਨ ਲਈ ਖੋਜ ਵਿੱਚ ਨਿਵੇਸ਼ ਕਰਨਾ। ਬਿਰਤਾਂਤ ਨੂੰ ਬਦਲਣ ਦਾ ਅਰਥ ਹੈ ਉਨ੍ਹਾਂ ਲੋਕਾਂ ਲਈ ਹਮਦਰਦੀ ਨੂੰ ਉਤਸ਼ਾਹਿਤ ਕਰਨਾ ਜੋ ਸੰਘਰਸ਼ ਕਰ ਰਹੇ ਹਨ। ਇਸਦਾ ਅਰਥ ਹੈ ਇਹ ਸਮਝਣਾ ਕਿ ਖੁਦਕੁਸ਼ੀ ਦੇ ਵਿਚਾਰ ਅਤੇ ਭਾਵਨਾਵਾਂ ਬਹੁਤ ਜ਼ਿਆਦਾ ਦਰਦ ਅਤੇ- ਪ੍ਰੇਸ਼ਾਨੀ ਦੀ ਨਿਸ਼ਾਨੀ ਹਨ ਪਰ ਖੁਦਕੁਸ਼ੀ ਦੇ ਵਿਚਾਰਾਂ ਬਾਰੇ ਗੱਲ ਕਰਨ ਨਾਲ ਉਨ੍ਹਾਂ ਦੀ ਮੌਜੂਦਗੀ ਜਾਂ ਘਟਨਾ ਨਹੀਂ ਵਧਦੀ। ਇਸਦਾ ਅਰਥ ਹੈ ਨਿਰਣੇ ਤੋਂ ਬਿਨਾਂ ਸੁਣਨਾ, ਸਹਾਇਤਾ ਦੀ ਪੇਸ਼ਕਸ਼ ਕਰਨਾ ਅਤੇ ਵਿਅਕਤੀਆਂ ਨੂੰ ਮੱਦਦ ਵੱਲ ਮਾਰਗਦਰਸ਼ਨ ਕਰਨਾ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਵਿਸ਼ਵ ਖੁਦਕੁਸ਼ੀ ਰੋਕਥਾਮ ਦਿਵਸ ਜਾਗਰੂਕਤਾ ਵਧਾਉਣ, ਤਬਦੀਲੀ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਲੋਕਾਂ ਲਈ ਭਾਈਚਾਰੇ ਅਤੇ ਸਮਝ ਦੀ ਇੱਕ ਸਹਾਇਕ ਭਾਵਨਾ ਪ੍ਰਦਾਨ ਕਰਨ ਲਈ ਸਮਰਪਿਤ ਦਿਨ ਹੈ ਜਿਨ੍ਹਾਂ ਕੋਲ ਅਨੁਭਵ ਹੈ। ਹਰ ਦੇਸ਼, ਭਾਈਚਾਰਾ ਅਤੇ ਵਿਅਕਤੀ ਖੁਦਕੁਸ਼ੀ ਰੋਕਥਾਮ ਦੀ ਆਪਣੀ ਸਮਝ ਅਤੇ ਜਾਗਰੂਕਤਾ ਵਿੱਚ ਇੱਕ ਵੱਖਰੇ ਪੜਾਅ ਤੇ ਹੈ। ਹਰ ਸਾਲ 10 ਸਤੰਬਰ ਨੂੰ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਵਜੋਂ ਮਨਾਇਆ ਜਾਂਦਾ ਹੈ। ਵਿਸ਼ਵ ਵਿੱਚ ਆਤਮ ਹੱਤਿਆਵਾਂ ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦੇ ਹੋਏ ਸਾਲ 2003 ਵਿੱਚ ਇਸ ਦਿਨ ਦੀ ਸ਼ੁਰੂਆਤ ਕੀਤੀ ਗਈ ਸੀ। ਪਹਿਲੀ ਵਿਸ਼ਵ ਆਤਮ ਹੱਤਿਆ ਰਿਪੋਰਟ 2014 ਵਿੱਚ ਜਾਰੀ ਕੀਤੀ ਗਈ ਸੀ ਜੋਕਿ ਆਤਮ ਹੱਤਿਆਵਾਂ ਦੀ ਰੋਕਥਾਮ ਤੇ ਕੇਂਦਰਿਤ ਸੀ ਅਤੇ ਵਿਸ਼ਵ ਸਰਵਜਨਕ ਸਿਹਤ ਏਜੰਡੇ ਸਬੰਧੀ ਪਹਿਲ ਬਣਾਉਣ ਲਈ ਕਿਹਾ ਗਿਆ ਸੀ। ਆਤਮ ਹੱਤਿਆ ਇੱਕ ਪ੍ਰਮੁੱਖ ਜਨਤਕ ਸਿਹਤ ਚੁਣੌਤੀ ਹੈ। ਹਰੇਕ ਖੁਦਕੁਸ਼ੀ ਦੇ ਦੂਰਗਾਮੀ ਸਮਾਜਿਕ, ਭਾਵਨਾਤਮਕ ਅਤੇ ਆਰਥਿਕ ਨਤੀਜੇ ਹੁੰਦੇ ਹਨ ਅਤੇ ਦੁਨੀਆ ਭਰ ਦੇ ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਡੂੰਘਾ ਪ੍ਰਭਾਵਿਤ ਕਰਦੇ ਹਨ। ਇਸ ਦਿਨ ਦਾ ਮੁੱਖ ਮੰਤਬ ਆਤਮ ਹੱਤਿਆ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਹੈ ਅਤੇ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕੰਮ ਕਰਨਾ ਹੈ। ਆਤਮ ਹੱਤਿਆਵਾਂ ਦੀਆਂ ਘਟਨਾਵਾਂ ਸਬੰਧੀ ਸਹੀ ਅਤੇ ਮੁਕੰਮਲ ਅੰਕੜੇ ਅਜੇ ਤੱਕ ਸਾਹਮਣੇ ਨਹੀਂ ਆ ਰਹੇ ਹਨ। ਵਿਸ਼ਵ ਸਿਹਤ ਸੰਗਠਨ ਨਾਲ ਜੁੜੇ 183 ਵਿੱਚੋਂ ਸਿਰਫ 80 ਦੇਸ਼ਾਂ ਨੇ ਹੀ ਇਸ ਸਬੰਧੀ ਸਹੀ ਅੰਕੜੇ ਇਕੱਠੇ ਕੀਤੇ ਹਨ ਅਤੇ ਬਹੁਤੇ ਦੇਸ਼ ਭਰੋਸੇਯੋਗ ਜਾਣਕਾਰੀ ਅਤੇ ਅੰਕੜੇ ਇਕੱਠੇ ਨਹੀਂ ਕਰ ਰਹੇ ਹਨ। ਇਸ ਸਬੰਧੀ ਪ੍ਰਾਪਤ ਅੰਕੜਿਆਂ ਅਨੁਸਾਰ ਆਤਮ ਹੱਤਿਆਵਾਂ ਕਰਨ ਦਾ ਰੁਝਾਨ ਵੱਧ ਰਿਹਾ ਹੈ ਅਤੇ ਆਤਮ ਹੱਤਿਆਵਾਂ ਨਾਲ ਮਰਨ ਵਾਲੇ ਵਿਅਕਤੀਆਂ ਵਿੱਚੋਂ ਲੱਗਭੱਗ 17 ਫਿਸਦੀ ਭਾਰਤੀ ਹਨ। ਵਿਸ਼ਵ ਵਿੱਚ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 1.3 ਫਿਸਦੀ ਆਤਮ ਹੱਤਿਆਵਾਂ ਦੇ ਕਾਰਨ ਹੀ ਹੁੰਦੀਆਂ ਹਨ ਅਤੇ ਇਹ ਮੌਤ ਦਾ 17ਵਾਂ ਪ੍ਰਮੁੱਖ ਕਾਰਨ ਹੈ। ਵਿਸ਼ਵ ਸਿਹਤ ਸੰਗਠਨ ਵਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਔਸਤਨ ਇੱਕ ਲੱਖ ਪਿੱਛੇ 10.5 ਵਿਅਕਤੀਆਂ ਨੇ ਆਤਮ ਹੱਤਿਆ ਕੀਤੀ ਹੈ ਅਤੇ ਇਹ ਵੀ ਗੰਭੀਰ ਚਿੰਤਾ ਦਾ ਕਾਰਨ ਹੈ ਕਿ ਆਤਮ ਹੱਤਿਆ ਕਰਨ ਵਾਲਿਆਂ ਵਿੱਚ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਵੱਖ-ਵੱਖ ਦੇਸ਼ਾਂ ਵਿੱਚ ਇਹ ਆਤਮ ਹੱਤਿਆਵਾਂ ਦੀ ਦਰ 01 ਲੱਖ ਪਿੱਛੇ 5 ਤੋਂ 30 ਵਿਅਕਤੀਆਂ ਦੀ ਹੈ। ਆਤਮ ਹੱਤਿਆਵਾਂ ਦੀਆਂ ਲੱਗਭੱਗ 79 ਫਿਸਦੀ ਘਟਨਾਵਾਂ ਘੱਟ ਅਤੇ ਮੱਧਿਅਮ ਆਮਦਨੀ ਵਾਲੇ ਦੇਸ਼ਾਂ ਵਿੱਚ ਵਾਪਰਦੀਆਂ ਹਨ ਅਤੇ ਇਨ੍ਹਾਂ ਦੇਸ਼ਾਂ ਵਿੱਚ ਇਹ ਦਰ ਇੱਕ ਲੱਖ ਪਿੱਛੇ 11.5 ਤੱਕ ਪਹੁੰਚ ਰਹੀ ਹੈ। ਉੱਚ ਆਮਦਨ ਵਾਲੇ ਦੇਸ਼ਾਂ ਵਿੱਚ ਮਹਿਲਾਵਾਂ ਦੇ ਮੁਕਾਬਲੇ ਪੁਰਸ਼ ਲੱਗਭੱਗ ਤਿੰਨ ਗੁਣਾ ਵੱਧ ਆਤਮ ਹੱਤਿਆਵਾਂ ਕਰਦੇ ਹਨ ਜਦਕਿ ਘੱਟ ਅਤੇ ਮੱਧਿਅਮ ਆਮਦਨ ਵਾਲੇ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਕਰਨ ਵਾਲੇ ਪੁਰਸ਼ਾਂ ਅਤੇ ਮਹਿਲਾਵਾਂ ਦੀ ਗਿਣਤੀ ਲੱਗਭੱਗ ਬਰਾਬਰ ਹੀ ਰਹਿੰਦੀ ਹੈ। ਆਤਮ ਹੱਤਿਆ ਦੇ ਕਾਰਨਾਂ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨਾਂ




ਵਿੱਚ ਆਤਮ ਹੱਤਿਆਵਾਂ ਦੇ ਪ੍ਰਮੁੱਖ ਕਾਰਨਾਂ ਵਿੱਚ ਪੜ੍ਹਾਈ ਦਾ ਦਬਾਓ, ਵਿਗੜ ਰਹੇ ਪਰਿਵਾਰਿਕ ਰਿਸ਼ਤੇ, ਲੜਾਈ ਝਗੜੇ, ਅਸਫਲ ਪਿਆਰ, ਵਿਆਹੁਤਾ ਜਿੰਦਗੀ ਵਿੱਚ ਗੜਬੜੀ, ਭਵਿੱਖ ਦੀ ਚਿੰਤਾ, ਬੇਰੋਜ਼ਗਾਰੀ, ਨਸ਼ੇ ਆਦਿ ਸ਼ਾਮਲ ਹਨ। ਆਤਮ ਹੱਤਿਆ ਕਰਨ ਦੇ ਸਭ ਤੋਂ ਵੱਧ ਪ੍ਰਚੱਲਿਤ ਤਰੀਕਿਆਂ ਵਿੱਚ ਫਾਂਸੀ ਲਗਾਉਣਾ, ਜ਼ਹਿਰ ਖਾਣਾ, ਖੁਦ ਨੂੰ ਅੱਗ ਲਗਾਉਣਾ, ਪਾਣੀ ਵਿੱਚ ਡੁੱਬਣਾ, ਰੇਲ ਗੱਡੀ ਅੱਗੇ ਛਲਾਂਗ ਲਗਾਉਣਾ ਆਦਿ ਸ਼ਾਮਿਲ ਹਨ। ਆਤਮ ਹੱਤਿਆਵਾਂ ਨੂੰ ਰੋਕਣ ਸਬੰਧੀ ਠੋਸ ਰਣਨੀਤੀ ਤਿਆਰ ਕਰਨ ਲਈ ਅਜੇ ਤੱਕ ਦੁਨੀਆਂ ਦੇ ਸਿਰਫ 38 ਦੇਸ਼ਾਂ ਨੇ ਹੀ ਕਾਰਵਾਈ ਕੀਤੀ ਹੈ। ਭਾਰਤ ਨੂੰ ਦੁਨੀਆ ਵਿੱਚ ਸਭ ਤੋਂ ਵੱਧ ਖੁਦਕੁਸ਼ੀਆਂ ਦਾ ਕਲੰਕ ਪ੍ਰਾਪਤ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਦੇ ਅਨੁਸਾਰ ਭਾਰਤ ਵਿੱਚ 2022 ਵਿੱਚ 1.71 ਲੱਖ ਲੋਕਾਂ ਨੇ ਖੁਦਕੁਸ਼ੀ ਕੀਤੀ। ਖੁਦਕੁਸ਼ੀ ਦੀ ਦਰ ਵੱਧ ਕੇ 1,00,000 ਵਿੱਚੋਂ 12.4 ਹੋ ਗਈ ਹੈ ਜੋ ਕਿ ਭਾਰਤ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਦਰ ਹੈ। ਭਾਰਤ ਵਿੱਚ ਆਤਮ ਹੱਤਿਆਵਾਂ ਨਾਲ ਹੋਣ ਵਾਲੀਆਂ ਮੌਤਾਂ ਵਿੱਚ 15 ਤੋਂ 35 ਸਾਲ ਦੇ ਉਮਰ ਦੇ ਨੌਜਵਾਨਾਂ ਦੀ ਗਿਣਤੀ ਬਹੁਤ ਜਿਆਦਾ ਹੈ। ਭਾਰਤ ਵਿੱਚ ਸਭ ਤੋਂ ਵੱਧ ਖੁਦਕੁਸ਼ੀਆਂ ਮਹਾਰਾਸ਼ਟਰ, ਤਾਮਿਲਨਾਡੂ, ਮੱਧ ਪ੍ਰਦੇਸ਼, ਪੱਛਮੀ ਬੰਗਾਲ ਅਤੇ ਕਰਨਾਟਕ ਵਿੱਚ ਹੋਈਆਂ ਹਨ। ਇਨ੍ਹਾਂ ਪੰਜ ਰਾਜਾਂ ਵਿੱਚ ਮਿਲਕੇ ਦੇਸ਼ ਵਿੱਚ ਹੋਈਆਂ ਕੁੱਲ ਖੁਦਕੁਸ਼ੀਆਂ ਦਾ 49.3% ਹਿੱਸਾ ਹੈ। 2022 ਤੱਕ ਸਿੱਕਮ ਵਿੱਚ ਖੁਦਕੁਸ਼ੀ ਦੀ ਦਰ ਸਭ ਤੋਂ ਵੱਧ 43.1 ਦਰਜ ਕੀਤੀ ਗਈ ਹੈ। ਖੁਦਕੁਸ਼ੀਆਂ ਦੀਆਂ ਦਰਾਂ ਦੇ ਮਾਮਲੇ ਵਿੱਚ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿੱਚ ਖੁਦਕੁਸ਼ੀਆਂ ਦੀ ਦਰ 42.8, ਤੇਲੰਗਾਨਾ ਵਿੱਚ 26.3 ਅਤੇ ਕੇਰਲ ਵਿੱਚ 25.9 ਹੈ। ਰਿਪੋਰਟ ਮੁਤਾਬਿਕ ਖੁਦਕੁਸ਼ੀਆਂ ਦਾ ਮੁੱਖ ਕਾਰਨ ਪਰਿਵਾਰਕ ਸਮੱਸਿਆਵਾਂ ਅਤੇ ਬਿਮਾਰੀਆਂ ਸਨ। ਰਿਪੋਰਟ ਹੋਈਆਂ ਖ਼ੁਦਕੁਸ਼ੀਆਂ ਵਿੱਚੋਂ ਸਭ ਤੋਂ ਵੱਧ ਖ਼ੁਦਕੁਸ਼ੀਆਂ ਦਿਹਾੜੀਦਾਰ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਹਨ ਅਤੇ ਉਸ ਤੋਂ ਬਾਅਦ ਸਵੈ-ਰੁਜ਼ਗਾਰ ਵਾਲੇ ਵਿਅਕਤੀਆਂ ਨੇ ਕੀਤੀਆ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ 18-30 ਸਾਲ ਦੀ ਉਮਰ ਵਰਗ ਵਿੱਚ ਖੁਦਕੁਸ਼ੀਆਂ ਦੇ ਮੁੱਖ ਪੰਜ ਕਾਰਨ ਪਰਿਵਾਰਕ ਸਮੱਸਿਆਵਾਂ 32.4%, ਪ੍ਰੇਮ ਮਾਮਲੇ 8%, ਵਿਆਹ ਨਾਲ ਸਬੰਧਤ 7.5%, ਪਾਗਲਪਨ ਜਾਂ ਮਾਨਸਿਕ ਬਿਮਾਰੀ 7.4% ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ 5.2% ਹਨ। ਇਤਫਾਕਨ ਵਿਆਹ ਨਾਲ ਸਬੰਧਤ ਖੁਦਕੁਸ਼ੀਆਂ ਦੇ 28% ਲਈ ਦਾਜ ਨਾਲ ਸਬੰਧਤ ਮੁੱਦੇ ਹੀ ਜ਼ਿੰਮੇਵਾਰ ਸਨ ਜਿਨ੍ਹਾਂ ਵਿੱਚੋਂ 93% ਔਰਤਾਂ ਦੁਆਰਾ ਕੀਤੀਆਂ ਗਈਆਂ ਸਨ। ਸਾਲ 2019 ਤੋਂ 2022 ਤੱਕ ਖੁਦਕੁਸ਼ੀ ਦਰ 10.2 ਤੋਂ ਵਧ ਕੇ 11.3 ਪ੍ਰਤੀ 100000 ਹੋ ਗਈ। ਭਾਰਤੀ ਦੰਡ ਸੰਹਿਤਾ 1860 ਦੀ ਧਾਰਾ 309 ਖੁਦਕੁਸ਼ੀ ਦੀ ਕੋਸ਼ਿਸ਼ ਸੰਬੰਧੀ ਵਿਵਸਥਾ ਨਾਲ ਸੰਬੰਧਿਤ ਹੈ ਜਿਸਦੀ ਸਜ਼ਾ ਇੱਕ ਸਾਲ ਤੱਕ ਦੀ ਕੈਦ ਜਾਂ ਜੁਰਮਾਨਾ ਜਾਂ ਦੋਵਾਂ ਨਾਲ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ 15-29 ਸਾਲ ਦੀ ਉਮਰ ਦੇ ਲੋਕਾਂ ਵਿੱਚ ਖੁਦਕੁਸ਼ੀ ਮੌਤ ਦਾ ਤੀਜਾ ਪ੍ਰਮੁੱਖ ਵਿਸ਼ਵਵਿਆਪੀ ਕਾਰਨ ਹੈ। ਇੱਕ ਅਧਿਐਨ ਅਨੁਸਾਰ ਬੱਚਿਆਂ ਅਤੇ ਕਿਸ਼ੋਰਾਂ ਵਿੱਚ ਹਰ ਸਾਲ ਲਗਭਗ 52000 ਮੌਤਾਂ ਖੁਦਕੁਸ਼ੀ ਕਾਰਨ ਹੁੰਦੀਆਂ ਹਨ। ਭਾਰਤ ਵਿੱਚ ਹਰ ਘੰਟੇ ਘੱਟੋ-ਘੱਟ ਇੱਕ ਵਿਦਿਆਰਥੀ ਅਤੇ ਹਰ ਰੋਜ਼ ਲੱਗਭੱਗ 28 ਵਿਦਿਆਰਥੀ ਖੁਦਕੁਸ਼ੀ ਕਰਦੇ ਹਨ। ਦੇਸ਼ ਦੀ ਕੋਚਿੰਗ ਰਾਜਧਾਨੀ ਵਜੋਂ ਜਾਣੇ ਜਾਂਦੇ ਰਾਜਸਥਾਨ ਦੇ ਕੋਟਾ ਵਿੱਚ ਹੀ ਸੈਂਕੜੇ ਵਿਦਿਆਰਥੀਆਂ ਨੇ ਖੁਦਕੁਸ਼ੀ ਕੀਤੀ ਹੈ। ਭਾਰਤੀ ਸੈਨਾ ਵਿੱਚ ਵਾਪਰ ਰਹੀਆਂ ਆਤਮ ਹੱਤਿਆ ਦੀਆਂ ਘਟਨਾਵਾਂ ਖਤਰਨਾਕ ਹਨ। ਖੁਦਕੁਸ਼ੀਆਂ ਕਰਨ ਵਾਲੀਆਂ ਔਰਤਾਂ ਵਿੱਚ ਵੀ ਦਿਹਾੜੀਦਾਰ ਮਹਿਲਾਵਾਂ ਦਾ ਤੀਜਾ ਸਥਾਨ ਹੈ। ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ ਰਿਪੋਰਟ ਅਨੁਸਾਰ ਮਾਰਚ 2012 ਤੋਂ ਫਰਵਰੀ 2023 ਤੱਕ 1403 ਕਿਸਾਨਾਂ ਅਤੇ 403 ਖੇਤ ਮਜ਼ਦੂਰਾਂ ਨੇ ਆਤਮ ਹੱਤਿਆ ਕੀਤੀ ਹੈ। ਇਸਦਾ ਸਭ ਤੋਂ ਵੱਡਾ ਕਾਰਨ ਬੈਂਕਾਂ ਤੋਂ ਲਿਆ ਕਰਜਾ ਹੈ। ਆਤਮ ਹੱਤਿਆ ਦੇ ਹੋਰ ਕਾਰਨਾਂ ਵਿੱਚ ਵਿਆਹੁਤਾ ਜੀਵਨ ਸਬੰਧੀ ਝਗੜੇ, ਫੇਲ ਹੋਣਾ, ਕੋਈ ਗੰਭੀਰ ਬਿਮਾਰੀ ਹੋਣਾ, ਨਸ਼ਿਆਂ ਵਿੱਚ ਫਸੇ ਹੋਣਾ, ਗਰੀਬੀ, ਬੇਰੋਜ਼ਗਾਰੀ, ਜਾਇਦਾਦ ਦੇ ਝਗੜੇ, ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ ਹੁੰਦੀ ਮਾਨਸਿਕ ਪ੍ਰੇਸ਼ਾਨੀ ਅਤੇ ਰੈਗਿੰਗ, ਧਾਰਮਿਕ ਅਧਾਰ ਤੇ ਅਪਣੀ ਜਾਨ ਦਾ ਬਲਿਦਾਨ ਦੇਣਾ, ਕਿਸੇ ਖਾਸ ਵਿਅਕਤੀ ਦੀ ਮੌਤ ਤੇ ਦੁਖੀ ਹੋਕੇ ਅਪਣੀ ਜਾਨ ਦੇਣਾ, ਸਮਾਜਿਕ-ਰਾਜਨੀਤਿਕ ਅੰਦੋਲਨਾਂ ਵਿੱਚ ਅਪਣੀ ਜਾਨ ਦਾ ਬਲਿਦਾਨ ਦੇਣਾ ਆਦਿ ਸ਼ਾਮਿਲ ਹਨ। ਦੁਨੀਆ ਦੀਆਂ ਕੁੱਲ ਔਰਤਾਂ ਦੀਆਂ ਖੁਦਕੁਸ਼ੀਆਂ ਦਾ ਲਗਭਗ 40% ਭਾਰਤ ਵਿੱਚ ਹੁੰਦਾ ਹੈ। ਬੰਗਲੌਰ ਵਿੱਚ ਕੀਤੇ ਗਏ ਇੱਕ ਅਧਿਐਨ ਵਿੱਚ ਘਰੇਲੂ ਹਿੰਸਾ ਨੂੰ ਖੁਦਕੁਸ਼ੀ ਲਈ ਇੱਕ ਪ੍ਰਮੁੱਖ

ਜੋਖਮ ਕਾਰਕ ਪਾਇਆ ਗਿਆ। ਸਮੇਂ-ਸਮੇਂ ਤੇ ਕਈ ਮਹੱਤਵਪੂਰਨ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਅਕਤੀਆਂ ਵਲੋਂ ਆਤਮ ਹੱਤਿਆ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜੋਕਿ ਬਾਕੀ ਲੋਕਾਂ ਲਈ ਵੀ ਨਿਰਾਸ਼ਾ ਵਧਾ ਰਹੀਆਂ ਹਨ। ਵਿਸ਼ਵ ਖੁਦਕੁਸ਼ੀ ਰੋਕਥਾਮ ਦਿਵਸ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਦਾ ਹੈ ਨਾ ਸਿਰਫ਼ ਜਾਗਰੂਕਤਾ ਫੈਲਾਉਣ ਲਈ ਸਗੋਂ ਸੁਰੱਖਿਅਤ ਥਾਵਾਂ ਬਣਾਉਣ ਲਈ ਵੀ ਜਿੱਥੇ ਲੋਕ ਮੱਦਦ ਲੈਣ ਵਿੱਚ ਸਹਾਇਤਾ ਮਹਿਸੂਸ ਕਰਦੇ ਹਨ। ਜੇਕਰ ਕੋਈ ਵਿਅਕਤੀ ਆਤਮਘਾਤੀ ਵਿਚਾਰਾਂ ਜਾਂ ਭਾਵਨਾਤਮਕ ਪ੍ਰੇਸ਼ਾਨੀ ਨਾਲ ਜੂਝ ਰਿਹਾ ਹੈ ਤਾਂ ਕਿਸੇ ਯੋਗ ਮਾਨਸਿਕ ਸਿਹਤ ਪੇਸ਼ੇਵਰ ਨਾਲ ਗੱਲ ਕਰਨੀ ਚਾਹੀਦੀ ਹੈ। ਵਿਸ਼ਵ ਸਿਹਤ ਸੰਗਠਨ ਦੇ 2030 ਤੱਕ ਪ੍ਰਾਪਤ ਕੀਤੇ ਜਾਣ ਵਾਲੇ "ਚੰਗੀ ਸਿਹਤ ਅਤੇ ਤੰਦਰੁਸਤੀ" ਦੇ ਟਿਕਾਊ ਵਿਕਾਸ ਟੀਚੇ ਦੇ ਟੀਚਿਆਂ ਵਿੱਚੋਂ ਇੱਕ ਹੈ ਅਤੇ ਭਾਰਤ ਇਨ੍ਹਾਂ ਲਈ ਇੱਕ ਹਸਤਾਖਰਕਰਤਾ ਹੈ। ਆਤਮ ਹੱਤਿਆ ਦੀਆਂ ਘਟਨਾਵਾਂ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ ਨੂੰ ਕਾਫੀ ਹੱਦ ਤੱਕ ਰੋਕਿਆ ਅਤੇ ਘਟਾਇਆ ਜਾ ਸਕਦਾ ਹੈ। ਇਸ ਲਈ ਸਾਰੇ ਦੇਸ਼ਾਂ ਨੂੰ ਅਪਣੇ ਰਾਸ਼ਟਰੀ ਸਿਹਤ ਅਤੇ ਸਿੱਖਿਆ ਦੀਆਂ ਨੀਤੀਆਂ ਵਿੱਚ ਆਤਮ ਹੱਤਿਆ ਦੀ ਰੋਕਥਾਮ ਲਈ ਰਣਨੀਤੀਆਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਵੱਖ ਵੱਖ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕਈ ਕਦਮ ਚੁੱਕੇ ਗਏ ਹਨ। ਆਤਮ ਹੱਤਿਆ ਦੀ ਰੋਕਥਾਮ ਸਬੰਧੀ ਸ੍ਰੀ ਲੰਕਾ ਵਿੱਚ ਕੀਤੇ ਗਏ ਸਰਵੇਖਣ ਅਤੇ ਚੁੱਕੇ ਗਏ ਕਦਮਾਂ ਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਮੰਨਿਆ ਗਿਆ ਹੈ। ਇੱਥੇ ਕੀਤੀ ਗਈ ਸੱਖਤੀ ਨਾਲ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਵਿੱਚ ਲੱਗਭੱਗ 70 ਫਿਸਦੀ ਕਮੀ ਆਈ ਹੈ। ਸਾਡੇ ਦੇਸ਼ ਵਿੱਚ ਵੀ ਇਸ ਸਬੰਧੀ ਕੁੱਝ ਕਦਮ ਚੁੱਕੇ ਗਏ ਹਨ ਜਿਵੇਂ ਕਿ ਵਿਦਿੱਅਕ ਅਦਾਰਿਆਂ ਵਿੱਚ ਰੈਗਿੰਗ ਤੇ ਪਾਬੰਦੀ ਲਗਾਈ ਗਈ ਹੈ, ਕਈ ਕੀਟਨਾਸ਼ਕਾਂ ਦੀ ਵਿਕਰੀ ਲਈ ਸੱਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕਰਜੇ ਵਿੱਚ ਫਸੇ ਕਿਸਾਨਾਂ, ਖੇਤ ਮਜਦੂਰਾਂ ਅਤੇ ਹੋਰ ਵਿਅਕਤੀਆਂ ਨੂੰ ਰਾਹਤ ਦਿਤੀ ਗਈ ਹੈ। ਆਤਮ ਹੱਤਿਆ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੀ ਜਰੂਰਤ ਹੈ ਜਿਸ ਵਿੱਚ ਸਮਾਜਿਕ ਇਕੱਲਤਾ ਨੂੰ ਘਟਾਉਣਾ, ਸਮਾਜਿਕ ਵਿਗਾੜ ਨੂੰ ਰੋਕਣਾ, ਮਾਨਸਿਕ ਵਿਕਾਰ ਦਾ ਇਲਾਜ, ਕੀਟਨਾਸ਼ਕਾਂ ਅਤੇ ਰੱਸੀਆਂ ਦੀ ਵਿਕਰੀ ਨੂੰ ਨਿਯਮਤ ਕਰਨਾ, ਮਨੋਵਿਗਿਆਨਕ ਪ੍ਰੇਰਕ ਸੈਸ਼ਨਾਂ ਅਤੇ ਧਿਆਨ ਅਤੇ ਯੋਗਾ ਨੂੰ ਉਤਸ਼ਾਹਿਤ ਕਰਨਾ ਆਦਿ ਸ਼ਾਮਿਲ ਹਨ। ਆਤਮ ਹੱਤਿਆ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰਾਂ ਦੇ ਨਾਲ-ਨਾਲ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂਆਂ, ਬੁੱਧੀਜੀਵੀਆਂ ਨੂੰ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਐਡਵੋਕੇਟ ਕੁਲਦੀਪ ਚੰਦ ਦੋਭੇਟਾ
ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਦੋਭੇਟਾ
ਤਹਿਸੀਲ ਨੰਗਲ ਜਿਲ੍ਹਾ ਰੂਪਨਗਰ ਪੰਜਾਬ
941756305

# ਸੀ ਪੀ ਆਈ ਦਾ 25 ਵਾਂ ਮਹਾਂ ਸੰਮੇਲਨ ਚੰਡੀਗੜ੍ਹ ਪਾਰਟੀ ਸਫਾ ਨੂੰ ਮਜ਼ਬੂਤ ਕਰੇਗਾ।-ਚੋਹਾਨ

## ਸਾਬਕਾ ਵਿਧਾਇਕ ਕਾਮਰੇਡ ਬੂਟਾ ਸਿੰਘ ਦੇ ਬੇਟੇ ਮਨਜੀਤ ਸਿੰਘ ਵੱਲੋਂ 5100/ਰੁਪਏ ਦਾ ਸਹਿਯੋਗ ਕੀਤਾ



ਮਾਨਸਾ 9/9/25(ਡਾ. ਸੰਦੀਪ ਘੰਡ ) ਸੀ ਪੀ ਆਈ ਦਾ 25 ਵਾਂ ਮਹਾਂ ਸੰਮੇਲਨ ਚੰਡੀਗੜ੍ਹ ਜ਼ੋ 21 ਤੋਂ 25 ਸਤੰਬਰ ਤੱਕ ਹੋਣ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਲਗਾਤਾਰ ਜਾਰੀ ਨੇ ਅਤੇ ਉਸ ਦੀ ਸਫਲਤਾ ਤੇ ਕਾਮਯਾਬੀ ਲਈ ਲੀਡਰਸ਼ਿਪ ਵੱਲੋਂ ਕੰਮ ਜਾਰੀ ਰੱਖਿਆ ਹੋਇਆ ਹੈ, ਪਾਰਟੀ ਪ੍ਰੋਗਰਾਮ ਨੂੰ ਹਰ ਇੱਕ ਤੇ ਹਰ ਘਰ ਪਹੁੰਚਾਇਆ ਜਾ ਰਿਹਾ ਹੈ।

21 ਸਤੰਬਰ ਨੂੰ ਮੋਹਾਲੀ ਚੰਡੀਗੜ੍ਹ ਵਿਖੇ ਇੱਕ ਵਿਸ਼ਾਲ ਜਨਤਕ ਰੈਲੀ ਕੀਤੀ ਜਾਵੇਗੀ,ਜਿਸ ਸਬੰਧੀ ਪੂਰੇ ਪੰਜਾਬ ਵਿੱਚ ਤਿਆਰੀਆਂ ਲਗਾਤਾਰ ਜਾਰੀ ਹਨ,ਫੰਡ ਮੁਹਿੰਮ ਵੀ ਜਾਰੀ ਹੈ ਜਿਸ ਤਹਿਤ ਸਾਬਕਾ ਵਿਧਾਇਕ ਕਾਮਰੇਡ ਬੂਟਾ ਸਿੰਘ ਦੇ ਬੇਟੇ ਮਨਜੀਤ ਸਿੰਘ ਵੱਲੋਂ 5100/ ਰੁਪਏ ,15,000/ ਰੁਪਏ ਰਘਵੀਰ ਸਿੰਘ ਦਲੇਲ ਸਿੰਘ ਵਾਲਾ,5000/ ਰੁਪਏ ਦਰਸ਼ਨ ਜੋਗਾ ਕਹਾਣੀਕਾਰ,ਇੱਕ ਹਜ਼ਾਰ ਰੁਪਏ ਮੱਖਣ ਮਾਨਸਾ,2100/ਰੁਪਏ ਕਾਮਰੇਡ ਕਾਕਾ ਸਿੰਘ ਪ੍ਰਧਾਨ ਐਫ ਸੀ ਆਈ ਤੇ ਇੱਕ ਹਜ਼ਾਰ ਰੁਪਏ ਈਸ਼ਰ ਸਿੰਘ ਗੁਰਨੇ ਨੇ ਪਾਰਟੀ ਕਾਂਗਰਸ ਚੰਡੀਗੜ੍ਹ ਲਈ ਫੰਡ ਸਹਿਯੋਗ ਕੀਤਾ ਗਿਆ।ਮਾਨਸਾ ਜ਼ਿਲ੍ਹੇ ਵਿੱਚੋਂ ਇੱਕ ਹਜ਼ਾਰ ਸਾਥੀਆਂ ਦੇ ਵੱਡੇ ਕਾਫਲੇ ਰੈਲੀ ਵਿਚ ਸ਼ਮੂਲੀਅਤ ਕਰਨਗੇ।

ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਮਹਾਂ ਸੰਮੇਲਨ ਚੰਡੀਗੜ੍ਹ ਪਾਰਟੀ ਸਫਾ ਨੂੰ ਮਜ਼ਬੂਤ ਕਰੇਗਾ, ਕਿਉਂਕਿ ਪੁਰਾਣੇ ਪਾਰਟੀ ਵਰਕਰਾਂ ਤੇ ਹਮਦਰਦਾਂ ਸਮੇਤ ਆਮ ਲੋਕਾਂ ਵੱਲੋਂ ਹਰ ਕਿਸਮ ਦੀ ਸਹਾਇਤਾ ਕੀਤੀ ਜਾ ਰਹੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਥੀ ਰਤਨ ਭੋਲਾ ਸ਼ਹਿਰੀ ਸਕੱਤਰ, ਏਟਕ ਆਗੂ ਕਾਮਰੇਡ ਬੂਟਾ ਸਿੰਘ ਬਰਨਾਲਾ, ਉਸਾਰੀ ਯੂਨੀਅਨ ਦੇ ਸੁਖਦੇਵ ਸਿੰਘ ਮਾਨਸਾ ਆਦਿ ਆਗੂ ਹਾਜ਼ਰ ਸਨ।

"Equality and justice"
Patiala 09 September
INTERNATIONAL PAPER, 94636 01616
hardipchumber57@gmail.com

# ਸਾਡਾ ਟੀਚਾ ਬਹੁਜਨਾਂ ਨੂੰ ਹੁਕਮਰਾਨ ਬਣਾਉਣਾ ਹੈ



ਲਾਲ ਸਿੰਘ ਸੁਲਹਾਣੀ, 98 721 55 120

ਬਾਮਸੇਫ (ਮੁਲਾਜ਼ਮ ਜਥੇਬੰਦੀ) ਤੇ ਡੀ ਐਸ ਫੋਰ (ਦਲਿਤ ਸੋਸ਼ਿਤ ਸਮਾਜ ਸੰਘਰਸ਼ ਸੰਮਤੀ)ਨੂੰ ਰਜਿਸਟਰਡ ਕਰਵਾ ਕੇ ਸਾਹਿਬ ਕਾਂਸ਼ੀ ਰਾਮ ਨੂੰ ਘੇਰਨ ਅਤੇ ਬਾਂਹ ਮਰੋੜ ਕੇ ਝੁਕਾਅ ਲੈਣ ਦੀ ਉਮੀਦ ਵਿਚ ਬੈਠੀਆਂ ਕਾਲੀਆਂ ਭੇਡਾਂ ਦੇ ਸੁਪਨੇ ਚਕਨਾਚੂਰ ਕਰਕੇ ਉਹ ਹਾਥੀ ਦੀ ਮਸਤ ਚਾਲ ਅੱਗੇ ਵਧ ਰਹੇ ਸਨ। ਉਹਨਾਂ ਦੀ ਰਹਿਨੁਮਾਈ ਹੇਠ ਬਸਪਾ ਦੇਸ਼ ਦੀ ਰਾਜਨੀਤੀ ਵਿਚ ਚਰਚਿਤ ਹੋ ਚੁੱਕੀ ਸੀ। ਸਾਹਿਬ ਕਾਂਸ਼ੀ ਰਾਮ ਨਾਲ ਸੰਬੰਧਤ ਮੁਲਾਜ਼ਮ ਪੂਰੀ ਤਨਦੇਹੀ, ਦਿਆਨਤਦਾਰੀ ਅਤੇ ਮਿਸ਼ਨਰੀ ਹੁੱਬ ਨਾਲ ਦਿਨ ਰਾਤ ਇਕ ਕਰਕੇ ਸਮਾਜ ਨੂੰ ਜਾਗ੍ਰਤ ਕਰ ਰਹੇ ਸਨ। ਉਹ ਸਮਾਜਕ ਪ੍ਰਵਰਤਨ ਅਤੇ ਆਰਥਿਕ ਮੁਕਤੀ ਅੰਦੋਲਨ ਵਿਚ ਆਪਣਾ ਭਰਵਾਂ ਯੋਗਦਾਨ ਪਾ ਰਹੇ ਸਨ। ਇਨ੍ਹੀਂ ਦਿਨੀਂ ਪੰਜਾਬ ਦੀ ਮੁਲਾਜ਼ਮ ਜਥੇਬੰਦੀ ਬਾਮਸੇਫ ਵਿਚ ਮੈਂ ਚਰਚਿਤ ਹੋ ਚੁੱਕਿਆ ਸੀ ਤੇ ਹੁਣ ਮੇਰੀਆਂ ਸਰਗਰਮੀਆਂ ਦਾ ਘੇਰਾ ਵਸੀਹ ਹੋ ਗਿਆ ਸੀ। ਮੈਂ 19ਸੌ 86 ਵਿਚ ਸ਼ਿਮਲਾ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ ਸਮੇਂ ਆਪਣੇ ਦਫਤਰ ਤੋਂ ਛੁੱਟੀ ਲੈਕੇ ਬਹੁਜਨ ਸਮਾਜ ਪਾਰਟੀ ਲਈ 20 ਦਿਨਾਂ ਵਾਸਤੇ ਪ੍ਰਚਾਰ ਕਰਨ ਚਲਾ ਗਿਆ। ਉਸ ਵੇਲੇ ਦੀ ਬਸਪਾ ਉਮੀਦਵਾਰ ਬੀਬੀ ਦਾ ਨਾਮ ਸ਼ਾਇਦ ਚੰਦਰ ਕਾਂਤਾ ਸੀ, ਰੇਖਾ ਪ੍ਰਿੰਟਿੰਗ ਪ੍ਰੈਸ ਸੀ ਉਹਨਾ ਦੀ ਸ਼ਿਮਲੇ ਵਿਚ।

ਮਾਰਚ 19 ਸੌ 87 ਵਿਚ ਮੈਂ ਆਪਣਾ ਵੱਡਾ ਜਥਾ ਲੈਕੇ ਕਾਂਸ਼ੀ ਪੁਰ ਸੀਟ ਤੇ ਹੋ ਰਹੀ ਜ਼ਿਮਨੀ ਚੋਣ 'ਚ ਗਿਆ ਸੀ। ਹੁਣ ਮੇਰੀ ਪਛਾਣ ਬਸਪਾ ਕਾਰਕੁਨਾਂ ਤੇ ਆਗੂਆਂ ਵਿਚ ਵੀ ਬਣ ਚੁੱਕੀ ਸੀ।

ਇਸੇ ਸਾਲ ਮੁਕਤਸਰ ਵਿਖੇ ਇਕ ਸੰਮੇਲਨ ਤੋਂ ਬਾਅਦ ਫਿਰੋਜ਼ਪੁਰ ਵਿਚ ਰਾਤ ਠਹਿਰਨ ਅਤੇ ਕਾਰਜਕਰਤਾਵਾਂ ਨਾਲ ਮਿਲਣ ਦਾ ਸਾਹਿਬ ਕਾਂਸ਼ੀ ਰਾਮ ਦਾ ਪਰੋਗਰਾਮ ਸਾਨੂੰ ਮਿਲ ਗਿਆ। ਉਸ ਵੇਲੇ ਤਕ ਸਾਡੇ ਸੰਪਰਕ ਦੇ ਸਭ ਮੁਲਾਜ਼ਮਾਂ ਅਤੇ ਬਸਪਾ ਦੇ ਸਰਗਰਮ ਕਾਰਕੁੰਨਾਂ ਦੇ ਘਰ ਛੋਟੇ ਛੋਟੇ ਤੇ ਸਧਾਰਨ ਜਿਹੇ ਹੀ ਸਨ। ਕਿਸੇ ਦੇ ਘਰ ਵੀ ਕੋਈ ਢੰਗ ਦਾ ਬਾਥਰੂਮ ਨਹੀਂ ਹੁੰਦਾ ਸੀ। ਉਹਨੀਂ ਦਿਨੀਂ ਸਾਡੇ ਘਰਾਂ 'ਚ ਪੱਛਮੀ ਤਰਜ਼ ਦੇ ਕਮੋਡ (commode ) ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਨੌਕਰੀਆਂ ਮਿਲ ਜਾਣ ਸਦਕਾ ਅਸੀਂ ਸਾਰੇ ਨਵੇਂ ਨਵੇਂ ਪਿੰਡਾਂ ਤੋਂ ਆਏ ਸਾਂ ਤੇ ਚੱਜ ਦੀ ਜ਼ਿੰਦਗੀ ਜਿਉਣ ਲਈ ਸੰਘਰਸ਼ ਕਰ ਰਹੇ ਸੀ। ਉਹਨੀਂ ਦਿਨੀਂ ਸਾਹਿਬ ਆਮ ਕਾਰਜਕਰਤਾਵਾਂ ਦੇ ਘਰਾਂ ਵਿਚ ਠਹਿਰਦੇ ਸਨ। ਸਾਹਿਬ ਕਾਂਸ਼ੀ ਰਾਮ ਨੂੰ ਰਾਤ ਕਿਸ ਦੇ ਘਰ ਠਹਿਰਾਇਆ ਜਾਵੇ ਇਸ ਤੇ ਕਈ ਦਿਨ ਵਿਚਾਰ ਚਰਚਾ ਹੁੰਦੀ ਰਹੀ। ਅਖੀਰ ਬਾਮਸੇਫ ਦੇ ਇਕ ਕਾਰਕੁੰਨ ਬਾਬੂ ਮੁਲਖ ਰਾਜ ਦੇ ਪੁੱਤਰ ਸਤਪਾਲ ਜੂਨੀਅਰ ਇੰਜਨੀਅਰ ਪਬਲਿਕ ਹੈਲਥ ਦੇ ਨਵੇਂ ਬਣੇ ਛੋਟੇ ਜਿਹੇ ਘਰ ਟੈਂਕਾਂ ਵਾਲੀ ਬਸਤੀ ਵਿਖੇ ਠਹਿਰਾਉਣ ਦਾ ਪਰਬੰਧ ਕੀਤਾ ਗਿਆ।

ਮੁਕਤਸਰ ਦੇ ਪਰੋਗਰਾਮ ਤੋਂ ਬਾਅਦ ਮੈਂ, ਸਾਹਿਬ ਕਾਂਸ਼ੀ ਜੀ ਨੂੰ ਲੈ ਕੇ ਰਾਤ 8:30 ਕੁ ਵਜੇ ਰਵਿਦਾਸ ਭਵਨ ਬਸਤੀ ਟੈਂਕਾਂ ਵਾਲੀ ਫਿਰੋਜ਼ਪੁਰ ਪੁੱਜਾ। ਬਾਮਸੇਫ ਦੇ ਸਾਥੀਆਂ ਨੇ ਸ਼ਾਨਦਾਰ ਪ੍ਰਬੰਧ ਕੀਤਾ ਹੋਇਆ ਸੀ। ਸਾਡੇ ਪਰਵਾਰ ਔਰਤਾਂ ਤੇ ਬੱਚਿਆਂ ਸਮੇਤ ਆਪਣੇ ਮਹਿਬੂਬ ਆਗੂ ਸਾਹਿਬ ਕਾਂਸ਼ੀ ਰਾਮ ਦੇ ਸੁਆਗਤ ਲਈ ਅੱਖਾਂ ਵਿਛਾਈ ਪੱਬਾਂ ਭਾਰ ਹਾਜ਼ਰ ਸਨ। ਜਿਨ੍ਹਾਂ ਵਿਚ ਸੁੱਚਾ ਸਿੰਘ ਕਰ ਤੇ ਆਬਕਾਰੀ ਵਿਭਾਗ ਜਰਨਲ ਸਕੱਤਰ ਬਾਮਸੇਫ ਜ਼ਿਲ੍ਹਾ ਫਿਰੋਜ਼ਪੁਰ, ਮਾਸਟਰ ਓਮ ਪ੍ਰਕਾਸ਼, ਬਚਿੱਤਰ ਸਿੰਘ ਕੈਂਥ ਰੇਲਵੇ ਵਿਭਾਗ, ਧਰਮ ਸਿੰਘ ਰੇਲਵੇ ਵਿਭਾਗ, ਜਗਰੂਪ ਸਿੰਘ ਸੁਲਹਾਣੀ ਪੀ ਡਬਲਯੂ ਡੀ, ਜਗੀਰ ਸਿੰਘ ਪੀ ਡਬਲਯੂ ਡੀ, ਮਾਸਟਰ ਬਿੱਕਰ ਸਿੰਘ, ਮਾਸਟਰ ਕੁਲਵੰਤ ਸਿੰਘ,ਬਾਬੂ ਸਿੰਘ ਖੇਡ ਵਿਭਾਗ, ਦਰਸ਼ਨ ਕੌਰ ਨਹਿਰੀ ਵਿਭਾਗ, ਬਾਪੂ ਤਾਰਾ ਸਿੰਘ, ਸੁਭਾਸ਼ ਚੰਦਰ ਬੈਂਕ ਮੁਲਾਜ਼ਮ, ਜਾਗੋ ਰਾਮ ਪੰਜਾਬ ਹੋਮ ਗਾਰਡ ਵਿਸ਼ੇਸ਼ ਤੌਰ ਤੇ ਵਰਨਣ ਯੋਗ ਨਾਮ ਹਨ। ਰੇਲਵੇ ਦੇ ਸੁਪਰਡੈਂਟ ਉਘੇ ਅੰਬੇਡਕਰੀ ਬਾਬੂ ਦੌਲਤ ਰਾਮ ਨੇ ਸਾਹਿਬ ਨੂੰ ਦਿਲ ਦੀਆਂ ਗਹਿਰਾਈਆਂ ਵਿੱਚੋਂ ਜੀਅ ਆਇਆਂ ਆਖਿਆ। ਸਾਰੇ ਦਿਨ ਦੀ ਥਕਾਵਟ ਹੋਣ ਦੇ ਬਾਵਜੂਦ ਵੀ ਸਾਹਿਬ ਕਾਂਸ਼ੀ ਰਾਮ ਖੁਸ਼ੀ ਦੇ ਰੌਂਅ 'ਚ ਢਾਈ ਤਿੰਨ ਘੰਟੇ ਬੜਾ ਖੁੱਲ੍ਹ ਕੇ ਬੋਲੇ।

ਆਪਣੇ ਚਰਚਿਤ ਅੰਦਾਜ਼ ਵਿਚ ਉਹਨਾਂ ਨੇ ਪੂਰੇ ਦੇਸ਼ ਵਿਚ ਉਸਰ ਰਹੀ ਬਹੁਜਨ ਲਹਿਰ ਦੀ ਜਾਣਕਾਰੀ ਦਿਤੀ। ਉਹਨਾਂ ਨੇ ਵਿੱਢੇ ਗਏ ਦੇਸ਼ ਵਿਆਪੀ ਸਮਾਜਕ ਪ੍ਰਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਦੱਸਿਆ ਕਿ "ਸਾਡੇ ਬਜ਼ੁਰਗਾਂ ਦਾ ਸੁਪਨਾ ਪੂਰਾ ਕਰਨ ਲਈ ਮੈਂ ਆਪਣਾ ਜੀਵਨ ਸਮਾਜ ਨੂੰ ਸਮਰਪਿਤ ਕਰ ਚੁੱਕਾ ਹਾਂ। ਮੈਂ ਦੱਬੇ ਕੁਚਲੇ ਸਮਾਜ ਨੂੰ ਸਨਮਾਨਿਤ ਜ਼ਿੰਦਗੀ ਜਿਉਣ ਦੇ ਲਾਇਕ ਅਤੇ ਰਾਜ ਭਾਗ ਵਿਚ ਹਿੱਸੇਦਾਰ ਤੇ ਹੁਕਮਰਾਨ ਬਣਾਉਣ ਲਈ ਸਾਰੀ ਉਮਰ ਕੁਆਰਾ ਰਹਿਣ ਭਾਵ ਆਪਣਾ ਪਰਵਾਰ ਨਾ ਬਣਾਉਣ, ਬੈਂਕ ਬੈਲੈਂਸ ਨਾ ਬਣਾਉਣ ਅਤੇ ਪੂਰੀ ਦੁਨੀਆਂ ਵਿਚ ਸਾਢੇ ਤਿੰਨ ਹੱਥ ਜ਼ਮੀਨ (ਜਿਹੜੀ ਮਰਨ ਤੋਂ ਬਾਅਦ ਹਰ ਹਾਲਤ ਵਿਚ ਮਿਲ ਹੀ ਜਾਣੀ ਐ) ਦਾ ਮਾਲਕ ਵੀ ਨਾ ਬਣਨ ਦਾ ਸੰਕਲਪ ਲੈ ਕੇ ਤੁਰਿਆ ਹਾਂ। ਗੁਰੂ ਰਵਿਦਾਸ ਦਾ ਸੁਪਨਾ ਬੇਗਮਪੁਰਾ ਵਸਾਉਣ ਦਾ ਸੀ ਪਰ ਸਾਡਾ ਸਮਾਜ ਉਹਨਾਂ ਦਾ ਉਹ ਆਦੇਸ਼, ਉਦੇਸ਼ ਤੇ ਉਪਦੇਸ਼ ਭੁਲਾ ਕੇ ਉਹਨਾਂ ਦੇ ਨਾਮ ਤੇ ਢੋਲਕੀਆਂ ਛੈਣੇ ਵਜਾਉਣ ਵਿਚ ਮਸ਼ਰੂਫ ਹੈ।"

ਉਹਨਾਂ ਆਪਣੀ ਗੱਲ ਜਾਰੀ ਰੱਖਦੇ ਹੋਏ ਦੱਸਿਆ -

"ਬਾਬਾ ਸਾਹਿਬ ਡਾਕਟਰ ਭੀਮ ਰਾਓ ਨੇ ਆਪਣੇ ਸਾਰੇ ਸੁਖ ਆਰਾਮ ਛੱਡਕੇ ਦਲਿਤ ਸੋਸ਼ਿਤ ਸਮਾਜ ਨੂੰ ਰਾਜ ਪਾਟ ਦਾ ਮਾਲਕ ਬਣਾਉਣ ਲਈ ਸੰਘਰਸ਼ ਵਿੱਢਿਆ ਸੀ। ਉਹਨਾਂ ਦੀ ਸੋਚ ਸੀ ਕਿ ਪੜ੍ਹ ਲਿਖ ਕੇ ਮੇਰੇ ਸਮਾਜ ਦੇ ਲੋਕ ਰਾਜ ਭਾਗ ਦੀ ਸਥਾਪਤੀ ਲਈ ਅੱਗੇ ਆਉਣਗੇ। ਪਰ ਉਹ ਬਾਬਾ ਸਾਹਿਬ ਦੀ ਗੱਲ ਭੁੱਲ ਕੇ ਗਾਂਧੀ ਦੇ ਹਰੀਜਨ ਬਣਕੇ ਰਹਿ ਗਏ ਹਨ। ਇਸ ਲਈ ਮੈਂ ਬਾਰ ਬਾਰ ਇਹ ਸੋਚਦਾ ਸੀ ਕਿ ਜਦੋਂ ਤਕ ਸਾਡੇ ਲੋਕ ਰਾਜ ਭਾਗ ਦੇ ਮਾਲਕ ਨਹੀਂ ਬਣ ਜਾਂਦੇ ਉਦੋਂ ਤਕ ਇਹਨਾਂ ਦਾ ਕਲਿਆਣ ਨਹੀਂ ਹੋ ਸਕਦਾ। ਪਰ ਇਹ ਗਲ ਮੈਂ ਖੁਲ੍ਹ ਕੇ ਕਿਸੇ ਨੂੰ ਬੋਲਦਾ ਨਹੀਂ ਸੀ। ਮੇਰੇ ਦਿਮਾਗ ਵਿਚ ਇਹ ਗੱਲ ਬਾਰ ਬਾਰ ਆਉਦੀ ਸੀ ਪਰ ਮੈਂ ਪਰੇਸ਼ਾਨ ਹੋਕੇ ਚੁੱਪ ਕਰਕੇ ਬੈਠ ਜਾਂਦਾ ਸੀ। ਬੋਲਣ ਲਾਇਕ ਇਹ ਗੱਲ ਨਹੀਂ ਸੀ। ਅਣਗੌਲੇ ਤੇ ਥੁੜ੍ਹਾਂ ਮਾਰੇ ਸਮਾਜ ਦੇ ਇਹ ਗੱਲ ਹਜ਼ਮ ਹੋਣ ਵਾਲੀ ਨਹੀਂ ਸੀ। 19 ਸੌ 78 ਵਿਚ ਬਾਮਸੇਫ ਬਣਾਉਣ ਤੋਂ ਬਾਅਦ, ਬਹੁਜਨ ਸਮਾਜ ਪਾਰਟੀ ਬਣਾਉਣ ਤੋਂ ਪਹਿਲਾਂ ਜਦੋਂ ਮੈਨੂੰ ਇਹ ਲੱਗਣ ਲੱਗਾ ਕਿ ਇਹ ਕੰਮ ਹੋਣਾ ਚਾਹੀਦਾ ਹੈ ਜਦ ਤਕ ਇਹ ਇਸ ਦੇਸ਼ ਦੇ ਹੁਕਮਰਾਨ ਨਹੀਂ ਬਣ ਜਾਂਦੇ ਤਦ ਤੱਕ ਇਹਨਾਂ ਦੀਆਂ ਮੁਸ਼ਕਲਾਂ ਦਾ ਹੱਲ ਨਹੀਂ ਹੋ ਸਕਦਾ। ਇਸ ਲਈ ਇਸ ਦਿਸ਼ਾ ਵਿੱਚ ਅੱਗੇ ਵਧਣਾ ਚਾਹੀਦਾ ਹੈ। ਏਸੇ ਲਈ ਉਸ ਤੋਂ ਬਾਅਦ ਇਸ ਦਿਸ਼ਾ ਵਿੱਚ ਅੱਗੇ ਵਧਣ ਦਾ ਫੈਸਲਾ ਕੀਤਾ ਕਿ ਕਿਸੇ ਨਾ ਕਿਸੇ ਤਰ੍ਹਾਂ ਸਾਡੇ ਹੱਥ ਸਤਾ ਆਉਣੀ ਚਾਹੀਦੀ ਹੈ ਅਤੇ ਉਸ ਸਤਾ ਦਾ ਸਹੀ ਇਸਤੇਮਾਲ ਕਰਕੇ ਬਹੁਜਨ ਸਮਾਜ ਦਾ ਹੌਂਸਲਾ ਵਧਾਉਣਾ ਚਾਹੀਦਾ ਹੈ। ਜਦੋਂ ਮੈਂ 19 ਸੌ 82 ਵਿਚ ਡੀ ਐਸ ਫੋਰ ਬਣਾ ਰਿਹਾ ਸੀ ਤਾਂ ਇਸ ਗੱਲ ਦਾ ਮੈਨੂੰ ਅਹਿਸਾਸ ਹੋ ਰਿਹਾ ਸੀ ਕਿ 19 ਸੌ 32 ਵਿਚ ਬਾਬਾ ਸਾਹਿਬ ਨੇ ਕਿਹਾ ਸੀ "ਜਾਉ ਆਪਣੀਆਂ ਦੀਵਾਰਾਂ ਤੇ ਲਿਖ ਦਿਓ ਕਿ ਅਸੀ ਇਸ ਦੇਸ਼ ਦੇ ਹੁਕਮਰਾਨ ਬਣਨਾ ਹੈ। 19 ਸੌ 82 ਵਿਚ ਪੰਜਾਹ ਸਾਲ ਬਾਅਦ ਮੈਂ ਚੁਪਕੇ ਚੁਪਕੇ ਇਸ ਬਾਰੇ ਸੋਚਦਾ ਸੀ। ਪਰ ਮੈਂ ਕਿਸੇ ਨੂੰ ਬੋਲਦਾ ਨਹੀਂ ਸੀ। ਕਦੀ ਮੈਨੂੰ ਲੱਗਦਾ ਸੀ ਕਿ ਲੋਕ ਮੇਰਾ ਮਜ਼ਾਕ ਉਡਾਉਣਗੇ। ਭਿਖਾਰੀ ਲੋਕ, ਦੱਬੇ ਕੁਚਲੇ ਲੋਕ ਕਿਆ ਸਰਕਾਰ ਬਣਾਉਣਗੇ, ਕਿਆ ਸਰਕਾਰ ਚਲਾਉਣਗੇ। ਇਸ ਤਰ੍ਹਾਂ ਉਸ ਵਕਤ ਤਕ ਮੈਂ ਇਹ ਦੱਬੀ ਆਵਾਜ ਵਿਚ ਬੋਲਦਾ ਸੀ। ਲੇਕਿਨ ਅੱਜ ਮੈਂ ਬੇਬਾਕੀ ਨਾਲ ਬੋਲਦਾ ਹਾਂ ਅਤੇ ਮਨੂਵਾਦੀਆਂ ਨੂੰ ਡਰਾਉਂਦਾ ਹਾਂ ਬਈ ਪੰਜ ਸਾਲਾਂ ਦੇ ਅੰਦਰ ਅੰਦਰ ਬਹੁਜਨਾਂ ਨੂੰ ਦੇਸ਼ ਦਾ ਹੁਕਮਰਾਨ ਬਣਾਉਣਾ ਹੈ।"



ਇਹ ਕੰਮ ਔਖਾ ਜ਼ਰੂਰ ਹੈ ਪਰ ਅਸੰਭਵ ਨਹੀਂ ਸਾਡੀ ਲੜਾਈ ਧੰਨਾ ਸੇਠਾਂ ਨਾਲ ਹੈ। ਅਸੀਂ ਆਪਣੇ ਸਮਾਜ ਨੂੰ ਪੈਰਾਂ ਤੇ ਖੜਾ ਕਰਕੇ ਜ਼ਿੰਦਗੀ ਦੇ ਹਰ ਪਹਿਲੂ ਵਿਚ ਅੱਗੇ ਵਧਣਾ ਹੈ। ਅਸੀਂ ਅਮੀਰ ਧਨਾਢ ਪਾਰਟੀਆਂ ਦਾ ਸਹਾਰਾ ਨਹੀਂ ਲੈਣਾ ਕਿਉਂਕਿ ਜੋ ਸਹਾਰਾ ਦਿੰਦਾ ਹੈ ਉਸ ਦਾ ਇਸ਼ਾਰਾ ਵੀ ਮੰਨਣਾ ਪੈਂਦਾ ਹੈ। ਇਸ ਲਈ ਅਸੀਂ ਆਪਣੇ ਪੈਸੇ, ਆਪਣੇ ਦਿਮਾਗ ਅਤੇ ਆਪਣੇ ਹੁਨਰ ਨਾਲ ਅੱਗੇ ਵਧਣਾ ਹੈ।

ਉਹਨਾਂ ਨੇ ਬਹੁਤ ਹੀ ਠਰ੍ਹਮੇਂ ਨਾਲ ਗੱਲ ਕਰਦਿਆਂ ਆਖਿਆ ਕਿ 19 ਸੌ 36 'ਚ ਬਾਬਾ ਸਾਹਿਬ ਅੰਬੇਡਕਰ ਨੇ ਜਾਤੀ ਵਿਵਸਥਾ ਨੂੰ ਸਮਤਾ, ਸਮਾਨਤਾ ਤੇ ਭਾਈਚਾਰੇ ਲਈ ਖ਼ਤਰਾ ਮਹਿਸੂਸ ਕਰਦਿਆਂ ਕਿਹਾ ਸੀ "ਆਪ ਚਾਹੇ ਜਿਧਰ ਵੀ ਦੇਖੋ ਜਾਤ ਦਾ ਭੂਤ ਆਪ ਦੀ ਤਰੱਕੀ ਦੇ ਰਾਹ ਵਿਚ ਰੋੜਾ ਬਣਕੇ ਆਏਗਾ।" ਆਜ਼ਾਦੀ ਤੋਂ ਬਾਅਦ ਵੀ ਬ੍ਰਾਹਮਣਵਾਦੀ ਸਰਕਾਰਾਂ ਦਲਿਤ ਸ਼ੋਸ਼ਿਤ ਸਮਾਜ ਦੀ ਤਰੱਕੀ ਦੇ ਰਾਹ ਵਿਚ (ਜਾਤੀ ਦੇ ਆਧਾਰ ਤੇ) ਰੁਕਾਵਟ ਬਣਦੀਆਂ ਆ ਰਹੀਆਂ ਹਨ। ਜਾਤੀ ਦੇ ਆਧਾਰ ਤੇ ਦਲਿਤ ਸ਼ੋਸ਼ਿਤ ਸਮਾਜ ਤੇ ਘਿਨਾਉਣੇ ਜ਼ੁਲਮ ਹੋਏ ਹਨ।

ਬਾਬਾ ਸਾਹਿਬ ਅੰਬੇਡਕਰ ਨੇ ਕਿਹਾ ਸੀ "26 ਜਨਵਰੀ 19 ਸੌ 50 ਤੋਂ ਅਸੀਂ ਦੋਹਰੀ ਜ਼ਿੰਦਗੀ 'ਚ ਕਦਮ ਰੱਖ ਰਹੇ ਹਾਂ ਇਕ ਪਾਸੇ ਰਾਜਨੀਤਕ ਬਰਾਬਰੀ ਹੋਵੇਗੀ, ਇਕ ਆਦਮੀ ਦੀ ਇਕ ਵੋਟ ਤੇ ਇਕ ਵੋਟ ਦੀ ਇਕ ਕੀਮਤ ਹੋਵੇਗੀ, ਦੂਜੇ ਪਾਸੇ ਸਮਾਜਕ ਅਤੇ ਆਰਥਿਕ ਦਿਸ਼ਾ ਵਿਚ ਅਸਮਾਨਤਾ ਜੋ ਬ੍ਰਾਹਮਣਵਾਦ ਤੇ ਮਨੂਵਾਦ ਦੇ ਆਧਾਰ ਤੇ ਹਜ਼ਾਰਾਂ ਸਾਲਾਂ ਤੋਂ ਚਲਦੀ ਆਈ ਰਹੀ ਹੈ ਉਸੇ ਤਰ੍ਹਾਂ ਚਲਦੀ ਰਹੇਗੀ।"

ਜਿਸ ਤਰ੍ਹਾਂ ਬਾਬਾ ਸਾਹਿਬ ਅੰਬੇਡਕਰ ਦੇ ਯਤਨਾਂ ਨਾਲ ਰਾਜਨੀਤਕ ਗੈਰ ਬਰਾਬਰੀ ਨੂੰ ਖਤਮ ਕੀਤਾ ਗਿਆ ਹੈ ਉਸ ਤਰ੍ਹਾਂ ਹੀ ਸਮਾਜਕ ਤੇ ਆਰਥਿਕ ਗੈਰ ਬਰਾਬਰੀ ਨੂੰ ਵੀ ਖ਼ਤਮ ਕਰਨਾ ਪਵੇਗਾ, ਪਰਿਵਰਤਨ ਲਿਆਉਣਾ ਪਵੇਗਾ। ਅਗਰ ਅਜਿਹਾ ਨਹੀਂ ਹੁੰਦਾ ਤਾਂ ਰਾਜਨੀਤਕ ਬਰਾਬਰੀ ਦਾ ਕੋਈ ਲਾਭ ਨਹੀਂ ਹੋਵੇਗਾ। ਸਾਡਾ ਟੀਚਾ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਦਾ ਹੈ ਜੋ ਹੁਕਮਰਾਨ ਬਣਕੇ ਹੀ ਪੂਰਾ ਕੀਤਾ ਜਾ ਸਕਦਾ ਹੈ।

ਮਾਨਵਵਾਦੀ ਬਜ਼ੁਰਗਾਂ ਦੇ ਯਤਨਾਂ ਸਦਕਾ ਭਾਵੇਂ ਜਾਤੀ ਵਿਵਸਥਾ ਤਾਂ ਨਹੀਂ ਟੁੱਟੀ ਪਰ ਇਸ ਦਾ ਅਸਰ ਜ਼ਰੂਰ ਘੱਟ ਹੋਇਆ ਹੈ। 6000 ਜਾਤੀਆਂ 'ਚ ਵੰਡ ਕੇ ਸਵਰਨ ਸਮਾਜ ਦੇ 15 ਫੀਸਦੀ ਲੋਕ, 85 ਫੀਸਦੀ ਬਹੁਜਨ ਸਮਾਜ ਨੂੰ ਗੁਲਾਮ ਤੇ ਲਾਚਾਰ ਬਣਾਕੇ ਰੱਖਣਾ ਚਾਹੁੰਦੇ ਹਨ। ਉਹ ਇਸ ਵਿਵਸਥਾ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਜਿਨ੍ਹਾਂ ਲੋਕਾਂ ਨੂੰ ਬ੍ਰਾਹਮਣਵਾਦ ਦੇ ਆਧਾਰ ਤੇ ਦੂਜਿਆਂ ਦਾ ਸ਼ੋਸਣ ਕਰਨ ਦਾ ਅਧਿਕਾਰ ਪ੍ਰਾਪਤ ਹੈ, ਮਾਨ ਸਨਮਾਨ ਪ੍ਰਾਪਤ ਹੈ, ਹਰ ਪ੍ਰਕਾਰ ਦੀ ਤਾਕਤ ਪ੍ਰਾਪਤ ਹੈ ਉਹ ਸਵਰਨ ਸਮਾਜ ਦੇ 15 ਫੀਸਦੀ ਮੁੱਠੀ ਭਰ ਲੋਕ ਇਸ ਗਲੀ ਸੜੀ ਵਿਵਸਥਾ ਨੂੰ ਕਾਇਮ ਰੱਖਣਾ ਚਾਹੁੰਦੇ ਹਨ, ਉਹ ਪਰਵਰਤਨ ਨਹੀਂ ਚਾਹੁੰਦੇ। ਜੋ ਬਹੁਜਨ ਸਮਾਜ ਤੇ ਜ਼ੁਲਮ ਢਾਹੁੰਦੇ ਹਨ, ਅਤਿਆਚਾਰ ਕਰਦੇ ਹਨ ਸ਼ੋਸ਼ਣ ਕਰਦੇ ਹਨ ਅਤੇ ਉਹਨਾਂ ਦਾ ਹੱਕ ਮਾਰਦੇ ਹਨ,ਹਰ ਹਾਲਤ ਵਿਚ ਇਸ ਵਿਵਸਥਾ ਨੂੰ ਬਣਾਈ ਰੱਖਣਾ ਚਾਹੁੰਦੇ ਹਨ। ਦੂਜੇ ਪਾਸੇ ਬਹੁਜਨ ਸਮਾਜ ਦੇ ਲੋਕ ਜਾਤੀ ਵਿਹੀਨ ਸਮਾਜ ਦੀ ਰਚਨਾ ਕਰਨਾ ਚਾਹੁੰਦੇ ਹਨ, ਇਸ ਵਿਵਸਥਾ ਨੂੰ ਬਦਲਣਾ ਚਾਹੁੰਦੇ ਹਨ, ਪਰਿਵਰਤਨ ਲਿਆਉਣਾ ਚਾਹੁੰਦੇ ਹਨ। ਜਿਸ ਨਾਲ ਜਾਤੀਆਂ ਦਾ ਨਵੇਂ ਸਿਰਿਉਂ ਧਰੁਵੀਕਰਨ ਹੋਵੇਗਾ। ਐਸੀ ਸਥਿਤੀ ਵਿਚ ਦੋਨਾਂ ਵਿਚਕਾਰ ਟਕਰਾਅ ਹੋਣਾ ਸੁਭਾਵਕ ਹੈ। ਇਸ ਪਰਵਰਤਨ ਨੂੰ ਹੁਣ ਰੋਕਿਆ ਨਹੀਂ ਜਾ ਸਕੇਗਾ।

85 ਫੀਸਦੀ ਬਹੁਜਨ ਸਮਾਜ ਦੇ ਲੋਕ ਹਜ਼ਾਰਾਂ ਸਾਲਾਂ ਤੋਂ ਜਾਤੀ ਵਿਵਸਥਾ ਦੀ ਕਰੂਰਤਾ ਦਾ ਬੋਝ ਢੋਅ ਰਹੀ ਮਨੁੱਖਤਾ ਨੂੰ ਬਦਲਣਾ ਚਾਹੁੰਦੇ ਹਨ ਪਰ ਮੁੱਠੀ ਭਰ 15 ਫੀਸਦੀ ਬ੍ਰਾਹਮਣਵਾਦੀ ਸਵਰਨ ਜਾਤੀਆਂ ਦੇ ਲੋਕ ਇਸਨੂੰ ਕਾਇਮ ਰੱਖਕੇ ਦੇਸ਼ ਵਿਚ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਚੋਰੀ, ਸ਼ਰਾਬ, ਨਸ਼ਾਖੋਰੀ, ਡਕੈਤੀ, ਤਸਕਰੀ, ਛੂਆਛੂਤ ਤੇ ਊਚ-ਨੀਚ ਨੂੰ ਪਨਪਦੇ ਰਹਿਣ ਦੇਣਾ ਚਾਹੁੰਦੇ ਹਨ। ਪ੍ਰੰਤੂ ਨਵੇਂ ਯੁੱਗ ਵਿਚ ਪ੍ਰਵੇਸ਼ ਕਰਨ ਲਈ "ਜਾਤੀ ਭੇਦ ਦਾ ਬੀਜ਼ ਨਾਸ਼" ਕਰਕੇ ਹੀ ਦੇਸ਼ ਬੇਗਮਪੁਰਾ, ਪ੍ਰਬੁੱਧ ਭਾਰਤ ਤੇ ਵਿਸ਼ਵ ਗੁਰੂ ਬਣ ਸਕਦਾ ਹੈ।

ਇਸ ਲਈ ਸਾਡਾ ਆਖਰੀ ਟੀਚਾ ਰਾਜ ਭਾਗ ਦੀ ਪ੍ਰਾਪਤੀ ਹੈ। ਰਾਜ ਭਾਗ ਸਾਨੂੰ ਕੋਈ ਮੰਗਿਆਂ ਨਹੀਂ ਦੇਵੇਗਾ ਤੇ ਨਾ ਹੀ ਕੋਈ ਥਾਲੀ ਵਿਚ ਪਰੋਸ ਕੇ ਦੇਵੇਗਾ। ਰਾਜ ਭਾਗ ਅਸੀਂ ਆਪਣੀ ਤਾਕਤ ਨਾਲ ਪ੍ਰਾਪਤ ਕਰਨਾ ਹੈ। ਸਾਹਿਬ ਦੇ ਉਚੇ ਇਰਾਦੇ ਤੇ ਵਡਮੁੱਲੇ ਵਿਚਾਰ ਸੁਣ ਕੇ ਸਾਰੇ ਪਰਵਾਰ ਨਵੀਂ ਊਰਜਾ ਤੇ ਨਵਾਂ ਜੋਸ਼ ਲੈ ਕੇ ਰਾਤ ਦੇ ਹਨੇਰੇ ਵਿਚ ਨਵਾਂ ਚਾਨਣ ਲੈ ਕੇ ਆਪਣੇ ਆਪਣੇ ਘਰਾਂ ਨੂੰ ਰਵਾਨਾ ਹੋਏ ਤੇ ਅਸੀਂ ਸਾਹਿਬ ਨੂੰ ਆਰਾਮ ਕਰਨ ਲਈ ਸਤਪਾਲ ਦੇ ਘਰ ਛੱਡ ਆਏ।

ਅਗਲੇ ਦਿਨ ਸਾਹਿਬ ਕਾਂਸ਼ੀ ਰਾਮ ਸਵੇਰੇ ਅੱਠ ਕੁ ਵਜੇ ਤਕ ਤਿਆਰ ਹੋ ਚੁਕੇ ਸਨ ਤੇ ਮੈਂ ਉਹਨਾਂ ਨੂੰ ਆਪਣੇ ਦਸ਼ਮੇਸ਼ ਨਗਰ ਵਿਚਲੇ ਸਧਾਰਨ ਜਿਹੇ ਘਰ ਵਿਚ ਲੈ ਆਇਆ। ਉਹਨਾਂ ਨੇ ਮੇਰੇ ਛੋਟੇ ਛੋਟੇ ਬੱਚਿਆਂ ਨਾਲ ਪਿਆਰ ਕੀਤਾ। ਉਹਨਾਂ ਨੇ ਸੱਭ ਦੀ ਸੁਖ ਸਾਂਦ ਪੁੱਛੀ। ਉਹ ਹਲਕੀਆਂ ਫੁਲਕੀਆਂ ਪਰਵਾਰਕ ਗੱਲਾਂ ਕਰਕੇ ਹੱਸਦੇ ਹਸਾਉਂਦੇ ਰਹੇ। ਜਲ ਪਾਣੀ ਤੋ ਇਲਾਵਾ ਮੇਰੀ ਪਤਨੀ ਬਲਵੰਤ ਹੱਥ ਨਾਲ ਵੱਟੀਆਂ ਸੇਵੀਆਂ ਘਰ ਦੇ ਮਾਝੇ ਦੁੱਧ 'ਚ ਉਬਾਲ ਕੇ ਲੈ ਆਈ। ਸਾਹਿਬ ਬੜੇ ਚਾਅ ਨਾਲ ਛਕਦਿਆਂ ਕਹਿਣ ਲੱਗੇ "ਤੂੰ ਤਾਂ ਸੇਵੀਆਂ ਬਹੁਤ ਸਵਾਦ ਬਣਾਈਆਂ ਨੇ ਬਈ, ਲੱਗਦੈ ਸੇਵੀਆਂ ਖਾਣ ਫਿਰ ਆਉਣਾ ਪਊ।" ਉਹਨੀਂ ਦਿਨੀਂ ਉਹ ਮਿੱਠਾ ਖਾਣ ਦੇ ਬਹੁਤ ਸ਼ੌਕੀਨ ਸਨ।

ਉਸ ਤੋਂ ਬਾਅਦ ਮੇਰੇ ਘਰ ਲਾਗੇ ਨਾਮਦੇਵ ਚੌਂਕ ਕੋਲ ਬਾਮਸੇਫ ਦੇ ਇਕ ਕਮਰੇ ਵਾਲੇ ਸਾਡੇ ਛੋਟੇ ਜਿਹੇ ਦਫ਼ਤਰ ਵਿਚ ਕੁਝ ਚੋਣਵੇਂ ਮੁਲਾਜ਼ਮ ਸਾਥੀਆਂ ਨੂੰ ਸੰਬੋਧਨ ਕੀਤਾ। ਕਾਰਜਕਰਤਾਵਾਂ ਵਿਚ ਨਵੇਂ ਸੁਪਨੇ ਬੀਜ ਕੇ ਨਵੀਆਂ ਉਮੀਦਾਂ ਜਗਾ ਕੇ ਉਹ ਆਪਣੇ ਅਗਲੇ ਪੜਾਅ ਲਈ ਰਵਾਨਾ ਹੋ ਗਏ ।

# स्लाइट एल्युमिनी एसोसिएशन द्वारा इंटरनेशनल चैप्टर के साथ विशेष ऑनलाइन बैठक सम्पन्न

"समानता और न्याय"
पटियाला 09 सितम्बर
INTERNATIONAL PAPER, 94636 01616
hardipchumber57@gmail.com




लोंगोवाल,9 सितंबर (जगसीर सिंह)- संत लोंगोवाल इंस्टीट्यूट ऑफ इंजीनियरिंग एंड टेक्नोलॉजी (स्लाइट), लोंगोवाल की एल्युमिनी एसोसिएशन द्वारा 6 सितम्बर को इंटरनेशनल चैप्टर विशेषकर कनाडा स्थित पूर्व छात्रों के साथ एक महत्वपूर्ण ऑनलाइन बैठक का आयोजन किया गया।

इस बैठक की अध्यक्षता स्लाइट एल्युमिनी एसोसिएशन के निदेशक श्री मणिकांत पासवान ने की, जिसमें उन्होंने एसोसिएशन द्वारा चलाए जा रहे विभिन्न कार्यों और पहलों की जानकारी साझा की। उन्होंने वर्तमान छात्रों और पूर्व छात्रों को एक साझा मंच पर लाकर एक सशक्त नेटवर्क तैयार करने की आवश्यकता पर बल दिया। डीन एल्युमिनी प्रो. रवि कांत मिश्रा ने भी बैठक को संबोधित किया और एल्युमिनी की भूमिका को संस्थान की प्रगति में अहम बताते हुए अपने विचार व्यक्त किए।

उन्होंने कहा कि एल्युमिनी का अनुभव और मार्गदर्शन वर्तमान छात्रों के लिए प्रेरणास्रोत है। इस अवसर पर संस्थान के प्रतिष्ठित प्रोफेसर कमलेश प्रसाद डीन फैकल्टी वेलफेयर, प्रो पी के गुप्ता प्रो. मेजर सिंह, और प्रो. सुबिता भगत ने अपना अपना अनुभव साझा किये एल्युमीनि मे के. एस. मान, और कनाडा में बसे प्रमुख पूर्व छात्र परमिंदर, रजविंदर, गुगनदीप तथा अमंदीप ने भी सक्रिय रूप से बैठक में भाग लिया और अपने अनुभवों को साझा किया। सभी प्रतिभागियों ने एल्युमिनी नेटवर्क को और मजबूत बनाने, करियर मार्गदर्शन, और अंतरराष्ट्रीय सहयोग की दिशा में ठोस प्रयास करने की बात कही। यह बैठक आपसी विचार-विमर्श, सहयोग और संस्थान की वैश्विक पहचान को और मजबूती देने की दिशा में एक सकारात्मक पहल रही।

“समानता और न्याय”
पटियाला 09 सितंबर
INTERNATIONAL PAPER, 94636 01616
hardipchumber57@gmail.com

# हमारी आजादी की लड़ाई बाकी है- बाबा साहब

**बाबा साहेब कहते हैं**

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदु लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## (ब) इस समस्या की शर्ते

4. भारत में जो जनसमूह विद्यमान हैं, उनके इस भिन्नता का क्या कुछ भी असर नहीं होने वाला है? स्वराज के संविधान का निर्माण करते हुए क्या हमें उसके बारे में कुछ भी नहीं सोचना चाहिए? आप मुझसे ये सवाल पूछेंगे इस बारे में मुझे बिल्कुल शक नहीं है। लेकिन



बिना ना-नुकुर किए मैं इसका जवाब देता हूं कि, उस पर सोचना ही होगा। इस जनसमूह की भिन्नता की स्थिति की ओर ध्यान दिए बगैर उसकी ओर अनदेखी कर शर्तो को ठुकराकर और मर्यादा को त्यागकर भारत की स्वतंत्रता की दंभी कोशिशें करते रहने की कांग्रेस वालों की हटेली मानसिकता है। सज्जनों, यदि संविधान तैयार करने का सोचा तो इन हालातों में शासन की शक्ति किसके हाथ जा सकती है? क्या आपको ऐसा लगता है कि सत्ता की बागडोर अल्पसंख्यकों के हाथों में दी जाए? या निम्न वर्णो के हाथों में दी जाए? मुझे तो अगर किसी बात का यकीन है तो सिर्फ इस बात का कि भारतीय समाज की वास्तविक स्थिति पर ध्यान न दिया जाए तो भारत के भावी स्वराज के शासन की बागडोर उच्च शिक्षाप्राप्त, प्रतिष्ठित, अमीर और महत्वाकांक्षी लोगों के ही हाथ में चली जाएगी। यानी कि संपत्ति, शिक्षा और सामाजिक दर्जा जिन्हें प्राप्त हैं उन सामंतों के हाथों में ये सारे सूत्र चले जाएंगे। जीवन के अन्य क्षेत्रों की ही तरह राजनीति में भी शक्तिशाली लोगों को ही विजय प्राप्त होती रहती है। शिक्षा और संपत्ति की शक्ति सामंतों के इस वर्ग की सहायक बनेंगी। लेकिन अपनी राजनीतिक हिस्सेदारी के लिए दुर्बल समाज घटकों को सामंतों के गुट को सहायक होने वाली इन शक्तियों के खिलाफ लड़ना ही काफी नहीं होगा। ऊपरी तौर पर अत्यंत सूक्ष्म दिखाई देने वाली लेकिन काफी प्रभावकारी एक और शक्ति भी है जो उनके सामाजिक दर्जे में शामिल है। सामाजिक रचना के तय सांचे में योग्यता या गुणवत्ता का कोई स्थान नहीं। भारत में केवल जाति को महत्व है, जाति संबंधी भावनाएं पुरजोर हैं, जो अपने से अलग जाति के लोगों से भिड़ने के लिए उकसाती रहती हैं। ज्यादातर जातियों के मन में यह भावना कार्यरत होती है इसलिए अल्पसंख्यक जातियों के लिए वे भयंकर रोड़े पैदा करेंगे और राज्य शासन के दरवाजे उनके लिए शायद हमेशा के लिए बंद कर देंगे। ऐसी सामाजिक स्थितियों की कार्यवाही का भयंकर असर जाहिर है कि दलित वर्ग पर होगा। आपको इस बात का अहसास तो होगा ही कि हिंदू धर्म के अनुसार भारत में जातियों की रचना बढ़ते क्रम में आदर की तथा उतरते क्रम में तिरस्कारपूर्ण है। दर्जे के इस जन्मजात ठप्पे के परिणामस्वरूप निम्न जाति के लोगों के मन में उच्च जाति के उम्मीदवार को ही उचित समझने, उसे ही पसंद करने की भावना जागृत होती है। इस मानसिक स्थिति का दलित वर्ग की शासन सत्ता के लिए किए जाने वाले संवैधानिक प्रयास पर बुरा असर पड़ेगा। अस्पृश्य उम्मीदवार के लिए एक भी वोट दिए बगैर स्पृश्य लोग अस्पृश्यों के कई वोट पा सकते हैं। और इसका असर ये होगा कि अस्पृश्य केवल चुनाव ही नहीं हारेंगे, वरन अनजाने ही अपने प्रतिस्पर्धियों के लिए सहायक बनेंगे। सामाजिक स्थितियों की तरफ ध्यान न देने के कारण अमीर, उच्च शिक्षित और उच्च वर्ण के लोगों का शासन सत्ता में सामंतवाद स्थापित हो रहा हो तो अपने ध्येय के साथ मिलते-जुलते सभी उपायों से उस पर पाबंदी लगाना अपना कर्त्तव्य है ऐसा मुझे लगता है। क्योंकि केवल अपने मालिक के बदल जाने पर हमें बिल्कुल संतोष नहीं कर लेना चाहिए। किसी भी देश का दूसरे देश पर साम्राज्य होना ठीक नहीं । कांग्रेस वालों की यह राय मैं मानता हूं। लेकिन मुझे भी उन्हें साफ तौर पर यह बताने की आजादी है कि उनका कथ्य यहीं पूरा नहीं होता, बल्कि यह भी सच है कि किसी भी वर्ग का दूसरे वर्ग पर आधिपत्य ठीक नहीं । यूरोपीय नौकरशाही, लालफीताशाही और स्वदेशी सामंतवाद यह शब्द संपत्ति, शिक्षा और सामाजिक दर्जे के लिए मैं इस्तेमाल कर रहा हूं। इन दोनों में से कौन जनता का अच्छा खयाल रख सकता है? स्वदेशी सामंतों का कहना है कि जनता की हालत, उसकी आदतें, उनके सोचने और जीवन जीने के तरीके, जरूरतें और शिकायतें और सुलह करने के उनके तरीकों के बारे में ज्ञान उन्हें ब्रिटिश नौकरशाहों से अधिक है। हो भी सकता है, लेकिन स्वदेशी सामंतों के मन में अन्य वर्गो के बारे में पक्षपात की भावना है, साफतौर पर दिखाई देने वाला वंशाभिमान है। अपने जातिबंधुओं के प्रति पक्षपात करने की मानसिकता है। साथ ही, आम जनता के भविष्य के बारे में तय करने वाली शासन की सत्ता उनके हाथ में नहीं सौंपी जानी चाहिए, यह जो गंभीर आरोप उन पर लगाया जाता है, उससे वे सही सलामत बेगुनाह छूट सकते हैं, बरी नहीं हो सकते हैं, ऐसा मुझे नहीं लगता। असल में कोई इससे भी आगे जाकर कह सकता है कि उनके और आम जनता के बीच जो गहरी खाई है उसके कारण उन्हें आम जनता की जरूरतें, आशा-आकांक्षाओं का ज्ञान होना संभव ही नहीं है। यही नहीं, यह वर्ग आम जनता की आशा-आकांक्षाओं का दुश्मन है। मैं इतना जोर देकर कह रहा हूं इसकी वजह यही है कि इस स्वदेशी सामंती वर्ग के हाथ में शासन की सत्ता सौंपी नहीं जा सकती। हजारों सालों से चली आ रही और आज भी जो लागू है। उस जनतंत्र संबंधी आम जनता की धारणाओं से स्वराज की यह कोरी कल्पना कहीं मेल नहीं खाती है। हर व्यक्ति का मूल्य मानना यही आधुनिक जनतांत्रिक राज्य का मूलभूत तत्व है और हर व्यक्ति को केवल एक बार यह जीवन जीने का मौका मिलता है, इसलिए हर व्यक्ति को अपने गुणों का विकास करने का पूरा-पूरा मौका मिलना चाहिए । लेकिन, यह कहा नहीं जा सकता कि भारत के सामंतों को इनमें से कोई सिद्धांत मान्य हों। वे यही मानते हैं कि यह जीवन कई जीवनों की श्रृंखलाओं का एक हिस्सा भर है और वर्तमान जीवन की स्थिति उनके पूर्वजन्म के कर्मो का फल है। पूर्वजन्म में किए पाप-पुण्यों के हिसाब से ही व्यक्ति के वर्तमान जीवन का फल निश्चित होता है। किसी का चरित्र भले कितना भी उज्ज्वल क्यों न हो, भले उसने कितनी भी योग्यता हासिल क्यों न की हो, जन्म से प्राप्त उसकी सामाजिक स्थिति में कोई फेरबदल नहीं हो सकता। सामंतवाद का सिद्धांत है कि, जब कोई ब्राह्मण होकर जन्म पाता है तो वह जीवनपर्यंत ब्राह्मण के अलावा कुछ और नहीं हो सकता। और भले कुछ भी हो, परिया आखिर परिया ही रहता है। यह कोई गप्प नहीं, फिलहाल जो धर्ममत अस्तित्व में है वह यही है। ऐसी विचारधारा रखने वाले लोगों के हाथ में अनिर्बाध सत्ता सौंपना फांसी देने वाले के हाथ में छुरी थमाने जैसा है।

5. इस तरह की राय देने - अपनाने के कारण बेहद निर्दयता के साथ घोषित किया जाता है कि हम जातीयवादी और इस देश के दुश्मन हैं। हर देश में राज्य के शासन के सभी सूत्र पढ़े-लिखे वर्ग के सुपुर्द होते हैं और कॉंग्रेस वाले यह कहते नहीं थकते कि समर्थ शासन के लिए यह जरूरी भी है। भविष्य में कोई भी हमारे मालिक बनें लेकिन सामंतों के हाथों में सत्ता सौंपते हुए सबकी सोच यही है। कि सामाजिक और राजनीतिक मसले दो अलग बातें हैं और उनका आपस में कोई संबंध नहीं है। सद्गृहस्थों, मानवी जीवन के लिए इस प्रकार की यांत्रिक कल्पनाओं के द्वारा मार्गच्युत करने वालों से आपको सावधान रहना होगा। इस तरह की चोर कोशिशों से आप अगर सावधान हों तो आप पाएंगे कि व्यक्ति को उसके स्वभाव से प्राप्त गुणों से केवल राजनीति के लिए अलग नहीं किया जा सकता। जब कोई व्यक्ति राजनीतिज्ञ के नाते आपका वोट मांगने आता है तब वह अपनी राय, हितसंबंध और अपना स्वभाव कोट की तरह खूंटी पर टांग कर बिल्कुल कोरा बन कर नहीं आता। अपना व्यक्तित्व और अपनी प्रकृति सब साथ लेकर ही वह वोट मांगने आता है। सामंत वर्ग की बुद्धि देश की बहुत बड़ी संपदा है। लेकिन इस बुद्धि के सहारे उन्हें शासन का स्वयंसिद्ध अधिकार मिलना कोई जरूरी नहीं है। यह अधिकार उस व्यक्ति के चरित्र पर और बुद्धि का कैसे प्रयोग करेंगे इस बात पर आधारित होता है। हमें सिर्फ कार्यक्षमता पर ध्यान देना होगा । अॉडिसन कहता है कि किसी की बुद्धि से समाज का किस तरह हित या अहित हो रहा है, इस बात की फिकर किए बगैर जब लोग उनकी योग्यता के बारे में आदर पालने लगें तो समाज के लिए इससे बड़ी घातक कोई और बात नहीं हो सकती। बुद्धि की इस प्राकृतिक देन का और कलात्मक योग्यता, सिद्धि का इस्तेमाल सद्गुणों के विकास के लिए हो रहा हो, तो सभ्यता को बाधा पहुंचाने वाली न हो, तो ही वह सिद्धी अमूल्य हो सकती है। हम जिनसे बातें करते हैं उनके मन का रुझान और उनकी मानसिकता का ठीक-ठीक पता चलने तक उनके बारे में अच्छी राय नहीं बना लेनी चाहिए। वरना उनके व्यक्तित्व के आकर्षण के कारण सोचने के बाद तिरस्कार करने योग्य व्यक्तियों के जाल में हम फंस सकते हैं। शासन सत्ता पाने के लिए एड़ी-चोटी का पसीना एक करने वाले अमीर लोगों के चरित्र के बारे में मैंने पहले ही विवरण दिया है। इसलिए अब और कुछ बताने की जरूरत नहीं है। लेकिन इन्हीं अमीर-उमरावों के कारण इस देश में घट रही लज्जादायक घटनाओं को नजरंदाज नहीं किया जा सकता। इस देश में पांच से छह करोड़ लोग अस्पृश्यता का शाप भुगत रहे हैं। यह शाप और उनका दुख इतना भयानक है कि दुनिया में कहीं अन्यत्र इस तरह का दुख दिखाई नहीं देता। हर मानव के लिए आवश्यक मूलभूत अधिकारों से उन्हें वंचित किया गया है। समान अवसर की कमी के कारण उनकी हालत बेहद दीन-हीन हो गई है। अस्पृश्यों के अलावा इस देश में उतनी ही संख्या में आदिवासी और वन्य जनजातियों के लोग भी हैं। संस्कृति और सुधारों के उजाले में उन्हें ले आने के बजाए उन्हें पुरातन और जंगली स्थिति में छोड़ दिया गया है। स्वदेशी सामंतों द्वारा भूतकाल में जो सेवाभाव का अभाव और गैरजिम्मेदारी के ये जीते-जागते उदाहरण हैं। इन अमीर-उमरावों का बर्ताव भविष्य में पूरी तरह अलग रहेगा, इस पर भरोसा करने के लिए हमसे कहा जाता है। इस पर भरोसा करने लायक मैं भोला नहीं हूं क्योंकि आज के इस शैतान में रातों-रात बदलाव आया और वह भगवान का दूत बन गया ऐसा उदाहरण मैंने तो नहीं देखा है।

6. हमसे यह भी कहा जाता है कि देश को राजनीतिक आजादी मिलने तक सामाजिक समस्याओं को हल करना आगे टाला जाना चाहिए। कोई भी समझदार व्यक्ति इस जाल में नहीं फंस सकता। किसी दीवानखाने में प्रवेश करने से पहले हर किसी को इस बात को जांच-परख कर लेनी चाहिए कि वह कहीं पिंजड़ा तो नहीं है ? हममें से हर कोई जानता हो या फिर हर किसी को जान लेना चाहिए कि साधन संपन्न व्यक्ति साधनहीनों की अपेक्षा कहीं अधिक शक्तिशाली होता है। हममें से हर किसी को यह पता है या फिर उसे पता कर लेना चाहिए कि जिसके हाथ में सत्ता होती है, वह सत्ता से बाहर के व्यक्ति का पक्ष यदा-कदा ही लेता है और उसे सत्ता में भागीदारी भी यदा-कदा ही देता है। इसीलिए अब सामाजिक मसले हल करने से जिनका नुकसान होने की संभावना प्रबल है, उनके हाथ में अगर आप आसानी से सत्ता दे देंगे तो सामाजिक मसलें हल होने की उम्मीद आप नहीं कर सकते। साथ ही, आज आप सत्ता पर आसीन करने के लिए जिनकी मदद करेंगे, उन्हीं को गद्दी से नीचे खींचने में आपको आगे चल कर क्रांति भी करनी पड़ सकती है!

सज्जनों, मेरी यह सलाह एक बहुत बड़े राजनीति के दर्शनशास्त्री – एडमंड बर्क द्वारा भी दी गई सलाह है। वह कहता है, अपनी स्वीकृति देते वक्त अन्यों द्वारा हम खुद अपने तिरस्कार का कारण बने, इतनी अधिक चौकसी दिखाना भी आसानी से विश्वास कर सर्वनाश के लिए जिम्मेदार होने से बेहतर होता है, इस सलाह के अनुसार मुझे ऐसा लगता है कि, सामाजिक समस्या को हल करने की व्यवस्था पर विशेष बल देकर राज्य के संविधान में ही सामाजिक मसलों के बारे में संमत प्रावधानों को दर्ज किया जाए। हमें इस बारे में आग्रह कायम रखना होगा। हमें इस बात के प्रति आग्रही होना चाहिए कि राज्य के संविधान में सामाजिक मसलों के बारे में होने वाली सुलह को दर्ज किया जाए। जो लोग अनिर्बाध शासनसत्ता अपने कब्जे में करने की कोशिशों में लगे हुए हैं, उनकी इच्छा पर यह मामला कत्तई नहीं छोड़ा जाना चाहिए।

“Equality and Justice”
“Equality and Justice” स्वतंत्रता, समानता, भाईचारा

## (क) दलित वर्ग के लिए सुरक्षा की व्यवस्था

7. इसीलिए मुझे साफ-साफ बताना होगा कि, सामाजिक समस्याएं भारतीय स्वराज के रास्ते में रोडे बनती हैं। ऐसा हमें भले नहीं लगता हो लेकिन भारत की राजनीतिक पुनर्रचना करते समय दुर्बल सामाजिक घटकों को दुख की खाई में धकेला न जाए इसके लिए भारत के संविधान, जिसमें कहा गया है कि, 'राजनीतिक संतुलन अमल करने की जरूरत नहीं है, मैं जो राय व्यक्त की जा रही है उसका हम विरोध करते हैं। केवल दलित वर्ग के संदर्भ में कहें तो यह सोचा जाए कि यह समस्या किस तरह अच्छे से अच्छे तरीके से हल की जा सकती है इस बारे में ऊहापोह करने की मेरी मंशा है। कुछ राजनीतिज्ञों के अनुसार इस सवाल को हल करने के लिए कुछ उपाय करने होंगे और जो उपाय किए जाएंगे उन्हें स्वयंशासित भारत के संविधान में समाविष्ट किया जाए, यह भी वे मानते हैं। राजनीति के इन विशेषज्ञों ने महायुद्ध के बाद अस्तित्व में आए और मेरे भाषण के पहले हिस्से में जिसका जिक्र किया गया है, उन राष्ट्रों के साथ घटी घटनाओं का अध्ययन करने के पश्चात् राह ढूंढने की कोशिश करना स्वाभाविक भी है। क्योंकि भारत की स्थिति इन राष्ट्रों की स्थिति से मिलती-जुलती है। इन राष्ट्रों में अल्पसंख्यकों की सुरक्षा की व्यवस्था संविधान के कानून के द्वारा की गई है और इसे अल्पसंख्यकों के मौलिक अधिकार कहा गया है। नेहरू कमेटी ने भी दलित वर्ग की सुरक्षा व्यवस्था के तौर पर इस योजना को अपनी रिपोर्ट में मान्यता प्रदान की है। लेकिन इस प्रकार की योजना से आप ठगे जाओगे इस बारे में मैं आपको आगाह करना चाहता हूं। भारत के राजनीतिज्ञों का, मौलिक अधिकारों के नाम से जानी जाने वाली संविधान की धारा में बेहद विश्वास है और अंग्रेजों के आक्रमण के विरोध में वे जिस प्रकार अपने लिए इन मौलिक अधिकारों की मांग कर रहे हैं, उसी तरह अपने वर्ग के लोगों द्वारा होने वाले अत्याचारों के खिलाफ अल्पसंख्यकों को भी उसी प्रकार के अधिकार देने के लिए उत्सुक हैं। लेकिन अपनी सुरक्षा के लिए इस प्रकार के इंतजामों वाली योजनाओं का हमें धिक्कार करना चाहिए। इस प्रकार की योजनाएं भले स्वागतायोग्य लगें लेकिन मैं आपको बताना चाहता हूं कि मौलिक अधिकारों के संदर्भ में दिया गया कोई विश्वास, फिर भले वह कितना भी व्यापक क्यों न हो, उसका आशय और अनुसंधान के नजरिए से उसकी व्याख्या कितनी भी स्पष्ट क्यों न हो, वह उन हकों के उपभोग की गारंटी नहीं दिला सकते। अधिकारों की केवल उद्घोषणा करने भर से कुछ नहीं होता है । मौलिक अधिकार यदि छीन लिए जाते हैं या उनका हनन होता है, तो उसके विरुद्ध में, या वे ना छीने जाएं, इसका ठोस उपाय किए जाने की व्यवस्था, प्रावधानों के बगैर मौलिक अधिकार सुरक्षित है, या रह पाएंगे, यह कहा नहीं जा सकता। 1914 के महायुद्ध के बाद पैदा हुए और जिनका मैंने पहले जिक्र किया है उन राष्ट्रों के संविधान में ऐसी योजना की गई है कि अल्पसंख्यकों को अगर लगे कि अपने मौलिक अधिकारों पर अतिक्रमण हुआ है या उन अधिकारों का सत्ताधारी बहुसंख्यकों की ओर से हनन हुआ है तो वे राष्ट्रसंघ से शिकायत कर सकते हैं। राष्ट्रसंघ में इस कार्य के लिए एक कमेटी नियुक्त की गई है, जो इस तरह की अपीलों का सोच-विचार के बाद निर्णय करती है। मौलिक अधिकारों का उल्लंघन होने पर उसके खिलाफ किसी तरह के उपायों का प्रावधान क्या नेहरू कमेटी की रिपोर्ट में है? मुझे तो ऐसा कोई उपाय किया हुआ उस रिपोर्ट में दिखाई नहीं दिया। इसीलिए नेहरू कमेटी की सुरक्षा संबंधी उपायों की गारंटी महज एक धोखा है।

# बिहार चुनाव: मोतिहारी की मुसहर बस्ती — गरीबी, पलायन और जातिगत भेदभाव के साये में रुलही गांव!

**बिहार चुनाव के दौरान हर दल महादलित समाज को अपनी तरफ खींचने की कोशिश करता है। मुसहर समुदाय को "वोट बैंक" की तरह देखा जाता है।**

"समानता और न्याय"
पटियाला 09 सितम्बर
INTERNATIONAL PAPER, 94636 01616
hardipchumber57@gmail.com

पटना/मोतिहारी। बिहार के मोतिहारी जिले के रुलही गाँव की महादलित मुसहर बस्ती में कदम रखते ही ऐसा लगता है मानो समय यहाँ ठहर गया हो। कच्ची झोपड़ियाँ, नंगे पाँव बच्चे, खेतों में दिन भर मेहनत कर भी भूख से जूझते चेहरे और मजबूरी में परदेस गए पुरूष का इंतजार करती घर की महिलाएं, यह सब मिलकर एक ऐसे भारत की तस्वीर खींचते हैं जो चुनावी मंचों पर किए गए वादों से कोसों दूर है। यहाँ हर गली में गरीबी की टीस, भेदभाव का बोझ और जीने की जद्दोजहद साफ दिखाई देती है।

रुलही गाँव की मुसहर बस्ती में करीब 50 परिवार रहते हैं। झोपड़ीनुमा घर और कच्ची दीवारें उनकी बेबसी की गवाही देती हैं। गाँव के ज़्यादातर पुरुष काम की तलाश में पंजाब, हरियाणा और दिल्ली जैसे राज्यों में पलायन कर गए हैं। घर पर महिलाएँ और बच्चे ही रह गए हैं। महिलाएँ खेतों में काम करती हैं, लेकिन हालात यह हैं कि सुबह से शाम तक 8-9 घंटे मेहनत करने के बाद भी उन्हें केवल 50 से 60 रुपये मिलते हैं।

द मूकनायक से बातचीत में गाँव की एक महिला संपति देवी कहती हैं "भूख से बड़ी कोई चीज़ नहीं। पेट भरने के लिए चाहे खेत में दिनभर झुके रहना पड़े, हम झुकते हैं। लेकिन इतनी मजदूरी से बच्चों का पेट तक नहीं भरता।" महिला की आँखों से बहते दर्द ने हालात बयां कर दिए। वह कहती हैं, "भूख से बड़ी कोई चीज़ नहीं। यह आवाज़ सिर्फ़ उनकी नहीं, बल्कि उस पूरे गाँव की है जो भूख, पलायन और उपेक्षा की मार झेल रहा है। उनके शब्द हमें झकझोरते हैं और बताते हैं कि विकास की दौड़ में कुछ लोग अब





भी जीवन की सबसे बुनियादी ज़रूरत, रोटी के लिए लड़ रहे हैं।"

**सरकारी राशन में कटौती**

गरीबों के लिए सरकार की सबसे बड़ी सहारा योजना पब्लिक डिस्ट्रीब्यूशन सिस्टम (PDS) भी इस बस्ती में पूरी तरह बेमानी साबित हो रही है। यहाँ की महिलाएँ बताती हैं कि राशन दुकानदार घोटाला करता है।

मुसहर बस्ती में भूख और बेबसी की कहानियाँ हर घर की दीवारों पर लिखी हैं। द मूकनायक से बातचीत में पूनम देवी कहती हैं, "सरकार कहती है पाँच किलो अनाज मिलेगा, लेकिन हमें केवल तीन-साढ़े तीन किलो ही दिया जाता है। बाकी का अनाज कहाँ जाता है, हम नहीं जानते।"

यह हालात बताते हैं कि सरकारी योजनाओं के बावजूद मुसहर समाज का पेट आज भी खाली रह जाता है। भूख और कुपोषण से लड़ते इन परिवारों तक मदद पूरी नहीं पहुँच पाती। ज़िंदगी की लड़ाई लड़ते हुए ये लोग सवाल करते हैं, आख़िर उनके हिस्से का अन्न रास्ते में ही क्यों गुम हो जाता है?

**जातिगत भेदभाव की जिंदा तस्वीर**

गरीबी से जूझते इन लोगों का दर्द सिर्फ़ खाली पेट और टूटी झोपड़ियों तक सीमित नहीं है, बल्कि यह उनके आत्मसम्मान और अस्तित्व को भी हर रोज़ चोट पहुँचाता है। इनकी ज़िंदगी आर्थिक तंगी से जितनी टूटी हुई है, उतनी ही गहरी चोट उन्हें समाज के तिरस्कार से मिलती है।

गाँव की महिलाओं ने बताया कि आज भी उन्हें जातिगत अपमान का बोझ उठाना पड़ता है। पूनम ने कहा, "हमारे गाँव का सरपंच जब बस्ती में आता है तो मुंह ढक लेता है। कहता है कि मुसहरों से बदबू आती है। हमसे दूरी बनाता है। लेकिन वोट मांगने जरूर आता है।"

समाज के सबसे निचले पायदान पर खड़ा मुसहर समुदाय अब भी उस सम्मान से वंचित है, जो हर इंसान का हक़ है। जब चुने हुए जनप्रतिनिधि भी इन्हें हीनभावना की नज़र से देखते हैं, तो सवाल उठता है कि फिर इनके लिए इंसाफ़ और बराबरी की उम्मीद कहाँ से आएगी?

**मुसहर समाज की पहचान और पिछड़ापन**

बिहार में मुसहर जाति को महादलित वर्ग में शामिल किया गया है। आबादी का लगभग 2-3 प्रतिशत हिस्सा होने के बावजूद यह समाज अब भी शिक्षा, स्वास्थ्य और रोज़गार में सबसे पीछे है।

शासन की तमाम योजनाओं के बाद भी रुलही गाँव की बस्ती की हालत देखकर साफ होता है कि योजनाएँ केवल कागज़ों में चल रही हैं! पीने के पानी की व्यवस्था नहीं है, झोपड़ियों में रहने वाले परिवारों तक न तो पोषण योजना का लाभ पहुँचता है और न ही स्वरोज़गार का कोई साधन।

महिला लालमती देवी ने कहा, "योजनाओं की चर्चा तो खूब होती है, लेकिन हमारी बस्ती में न कोई अधिकारी आता है और न कोई सुविधा। हमें तो आज भी मजदूरी और अपमान ही मिला है।"फोटो: अंकित पचौरी, द मूकनायक

गाँव के एक बुजुर्ग महिला लालमती देवी ने कहा, "योजनाओं की चर्चा तो खूब होती है, लेकिन हमारी बस्ती में न कोई अधिकारी आता है और न कोई सुविधा। हमें तो आज भी मजदूरी और अपमान ही मिला है।"

बिहार सरकार ने घोषणा की कि मनरेगा के तहत मजदूरों को साल में 100 दिन तक काम दिलाने का प्रयास किया जाएगा। लेकिन हकीकत यह है कि रुलही गाँव जैसे इलाकों में मजदूरों को साल में मुश्किल से 30 से 40 दिन ही काम मिल पाता है। कई बार तो मनरेगा में नाम जुड़ा होने के बावजूद काम की मांग करने पर बजट नहीं है या काम उपलब्ध नहीं है कहकर लौटा दिया जाता है। इससे ग्रामीण परिवार फिर से खेतिहर मजदूरी या दूसरे राज्यों में पलायन करने को मजबूर हो जाते हैं।

गाँव के मुसहर समाज के लोग बताते हैं कि मनरेगा के तहत अगर वाकई 100 दिन का काम मिलता तो शायद उन्हें गुजरात, पंजाब-हरियाणा की तरफ मजदूरी करने न जाना पड़ता। लेकिन गाँव में रोजगार के मौके इतने सीमित हैं कि उन्हें रोज़ाना 50-60 रुपये की दिहाड़ी पर भी खेतों में काम करना पड़ता है।

गाँव के बुजुर्ग मानिक की आँखों में पीड़ा साफ झलकती है। वे द मूकनायक से बातचीत करते हुए कहते हैं, "सरकार कहती है कि हमें 200 दिन काम मिलेगा, लेकिन साल भर में सिर्फ़ 20-25 दिन ही काम मिला। बाकी दिनों में भूख और कर्ज़ ही हमारे साथी बने रहते हैं।" यह शब्द उस असलियत की गवाही हैं, जहाँ कागज़ी वादों और ज़मीनी सच्चाई के बीच गहरी खाई मौजूद है।

मनरेगा जैसे कानून को कभी गरीबों की ढाल और उनकी ज़िंदगी सँवारने वाला माना गया था। उम्मीद थी कि गाँव का मज़दूर अपने घर-गाँव में रहकर ही सम्मान के साथ रोज़ी कमा सकेगा। लेकिन हालात यह हैं कि काम की गारंटी सिर्फ़ किताबों तक सीमित रह गई है। न काम मिलता है, न मेहनत की मज़दूरी समय पर। ऐसे में पेट पालने के लिए लोग कर्ज़ में डूबते चले जाते हैं।

मानिक जैसे लाखों लोग आज भी इसी संघर्ष में जी रहे हैं। उनके चेहरे पर थकान ही नहीं, बल्कि व्यवस्था से टूटा हुआ विश्वास भी साफ दिखाई देता है। सच यही है कि जब तक योजनाओं की रोशनी सचमुच गाँव की झोपड़ियों तक नहीं पहुँचेगी, तब तक भूख और बेबसी का अंधेरा मिटना नामुमकिन है।

**चुनावी वादे निकले कोरे!**

बिहार चुनाव के दौरान हर दल महादलित समाज को अपनी तरफ खींचने की कोशिश करता है। मुसहर समुदाय को "वोट बैंक" की तरह देखा जाता है। नेताओं के भाषणों में यह समाज गरीब-गुरबा और वंचित का प्रतीक बनकर उभरता है। लेकिन सवाल है कि चुनाव जीतने के बाद कितने नेता इन बस्तियों में लौटते हैं?

गाँव की महिलाएँ बताती हैं, "नेता केवल वोट लेने आते हैं। हमारे बच्चों के स्कूल, हमारे घर की झोपड़ी, हमारे खाली पेट, इनसे किसी को मतलब नहीं।"

जब बड़े मंचों से "गरीबी मिटाने", "रोज़गार देने" और "महादलितों को सशक्त करने" के वादे किए जाते हैं, तो रुलही गाँव की यह बस्ती उन वादों की असलियत को आईना दिखाती है।

यहाँ हर झोपड़ी, हर औरत का झुका हुआ चेहरा और हर बच्चे का अधपका पेट यही पूछता है, "क्या लोकतंत्र केवल वोट तक ही सीमित है? चुनाव जीतने के बाद हमारे हिस्से में भूख और अपमान ही क्यों आता है?"

# 10 साल की लंबी लड़ाई के बाद मिली जीत, हाई कोर्ट के आदेश पर दलित महिला बनेगी पुलिस कांस्टेबल

**"गैर-स्थानीय" बताकर 2015 में किया था रिजेक्ट, अब तेलंगाना हाई कोर्ट की खंडपीठ ने सरकार की अपील खारिज कर नियुक्ति का रास्ता किया साफ।**

"समानता और न्याय"
पटियाला 09 सितम्बर
INTERNATIONAL PAPER, 94636 01616
hardipchumber57@gmail.com

हैदराबाद: तेलंगाना हाई कोर्ट ने एक ऐतिहासिक फैसले में दलित महिला के हक में मुहर लगाते हुए राज्य सरकार को उन्हें पुलिस कांस्टेबल के पद पर नियुक्त करने का निर्देश दिया है। अदालत ने स्पष्ट किया है कि महिला की नियुक्ति अनुसूचित जाति (SC) आरक्षण और स्थानीय कोटे के तहत की जानी चाहिए।

## क्या है पूरा मामला?

यह कहानी हैदराबाद के गौलीगुड़ा में रहने वाली के. संगीता की है, जिन्होंने साल 2015 में स्टाइपेंडरी कैडेट ट्रेनी सिविल पुलिस कांस्टेबल और आर्म्ड रिजर्व कांस्टेबल पदों के




लिए आवेदन किया था। सभी प्रक्रियाएं पूरी करने के बावजूद, उन्हें यह कहकर नियुक्ति देने से मना कर दिया गया कि वह एक 'गैर-स्थानीय उम्मीदवार' हैं। इस फैसले ने उनके सपनों पर पानी फेर दिया।

## अदालत में न्याय की गुहार

भर्ती बोर्ड के इस फैसले से निराश हुए बिना संगीता ने न्याय के लिए कानूनी रास्ता अपनाने का फैसला किया। उन्होंने साल 2017 में तेलंगाना हाई कोर्ट में एक याचिका दायर कर इस निर्णय को चुनौती दी।

## पहले मिली जीत, फिर सरकार ने दी चुनौती

लंबी सुनवाई के बाद, मार्च 2025 में हाई कोर्ट की एक सिंगल-जज बेंच ने संगीता के पक्ष में फैसला सुनाया। अदालत ने माना कि वह अनुसूचित जाति आरक्षित श्रेणी और स्थानीय कोटे के तहत नियुक्ति पाने की हकदार हैं। लेकिन यह लड़ाई यहाँ खत्म नहीं हुई। इस फैसले के खिलाफ राज्य सरकार और पुलिस भर्ती बोर्ड ने एक खंडपीठ में अपील दायर कर दी।

## अंतिम फैसले ने दिया न्याय

सोमवार को तेलंगाना हाई कोर्ट के मुख्य न्यायाधीश अपरेश कुमार सिंह और न्यायमूर्ति जीएम मोहिउद्दीन की खंडपीठ ने इस मामले पर अंतिम सुनवाई की। अदालत ने राज्य सरकार और भर्ती बोर्ड द्वारा दायर की गई सभी अपीलों को खारिज कर दिया। खंडपीठ ने सिंगल-जज बेंच के पुराने फैसले को सही ठहराते हुए संगीता की नियुक्ति का रास्ता पूरी तरह से साफ कर दिया है। इस फैसले के बाद, संगीता के पुलिस कांस्टेबल बनने का सपना अब हकीकत में बदल जाएगा।

**ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ**

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਅਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



"ਇਕੁਐਲਿਟੀ ਐਂਡ ਜਸਟਿਸ"